# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ — ਸਮੈਸਟਰ ਚੌਥਾ

ਪੇਪਰ : ਵੀਂਹ (ਸਮਿੰਲਨ ਸਕੂਲ) — ਯੂਨਿਟ : 2

ਮੀਡੀਅਮ : ਪੰਜਾਬੀ

## ਪਾਠ ਨੰ.

**2.1** : ਸੰਮਿਲਨ ਅਭਿਆਸ ਦੀ ਸਿਰਜਨਾ ਅਤੇ ਸਾਂਭਸੰਭਾਲ: ਅਧਿਆਪਕ, ਮਾਪਿਆਂ ਅਤੇ ਸਮੁਦਾਇ ਦੀ ਭੂਮਿਕਾ

**2.2** : ਸਿੱਖਿਆ ਦੀ ਕੌਮੀ ਨੀਤੀ, 1986

**2.3** : Project Integrated Education for Disabled Children (1987), the Persons with Disabilities act (1995), The Rights of Persons with disability Act 2016

**Department website : www.pbidde.org**

**ਪਾਠ ਨੰ: 2.1** **ਲੇਖਿਕਾ: ਡਾ.ਸ਼ਰਮੀਲਾ**

# ਸੰਮਿਲਨ ਅਭਿਆਸ ਦੀ ਸਿਰਜਨਾ ਅਤੇ ਸਾਂਭ ਸੰਭਾਲ: ਅਧਿਆਪਕ, ਮਾਪਿਆਂ ਅਤੇ ਸਮੁਦਾਇ ਦੀ ਭੂਮਿਕਾ

**ਪਾਠ ਦਾ ਢਾਂਚਾ:**

2.1.1. ਉਦੇਸ਼
2.1.2. ਸੰਮਲਿਤ ਜਾਂ ਸੰਮਿਲਨ ਅਭਿਆਸ
2.1.3. ਅਧਿਆਪਕ ਦੀ ਭੂਮਿਕਾ
2.1.4. ਮਾਪਿਆਂ ਦੀ ਭੂਮਿਕਾ
2.1.5. ਸਮੁਦਾਇ ਦੀ ਭੂਮਿਕਾ
2.1.6. ਸਾਰਾਂਸ਼
2.1.7. ਮਹੱਤਵਪੂਰਨ/ ਸੁਝਾਏ ਗਏ ਪ੍ਰਸ਼ਨ
2.1.8. ਸੁਝਾਓ ਸਾਮੱਗ੍ਰੀ

## 2.1.1 ਉਦੇਸ਼ (Objectives)

**ਪਾਠ ਦੇ ਪੜ੍ਹਨ ਦੌਰਾਨ ਸਿੱਖਿਆਰਥੀ**

1. ਸੰਮਲਿਤ ਅਭਿਆਸ ਦੀ ਮਿਆਦ ਨੂੰ ਯਾਦ ਕਰ ਸਕਣਗੇ
2. ਸੰਮਲਿਤ ਅਭਿਆਸ ਦੇ ਹਿੱਸੇ ਨੂੰ ਯਾਦ ਕਰ ਸਕਣਗੇ
3. ਅਧਿਆਪਕ ਦੇ ਕਿਰਦਾਰ ਦਾ ਉਲੇਖ ਕਰ ਸਕਣਗੇ
4. ਸਮੁਦਾਇ ਦੇ ਯੋਗਦਾਨ ਦਾ ਉਲੇਖ ਕਰ ਸਕਣਗੇ
5. ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਗਿਆਨ ਨੂੰ ਲਾਗੂ ਕਰਨਾ ਅਤੇ ਅਪਾਹਿਜ ਵਿਅਕਤੀਆਂ ਦੀ ਮੱਦਦ ਕਰਨਾ ਸਿੱਖ ਸਕਣਗੇ।

## 2.1.2 ਸੰਮਲਿਤ ਜਾਂ ਸੰਮੇਲਨ ਅਭਿਆਸ (Inclusive Practices)

ਸੰਮਲਿਤ ਅਭਿਆਸ ਇੱਕ ਸਿੱਖਿਅਕ ਪਹੁੰਚ ਹੈ ਜਿਹੜੀ ਕਿ ਵਿਦਿਆਰਥੀ ਦੀਆਂ ਵਿਭਿੰਨਤਾਵਾਂ ਨੂੰ ਮਾਨਤਾ ਦਿੰਦੀ ਹੈ ਅਤੇ ਸਾਰੇ ਵਿਦਿਆਰਥੀਆਂ ਨੂੰ ਯੋਗ ਬਣਾਉਦੀ ਹੈ ਕਿ ਉਹ ਕੋਰਸ ਸਮੱਗਰੀ ਤਕ ਪਹੁੰਚ ਸਕਣ ਜਿਵੇਂ ਕਿ ਸਿੱਖਿਅਕ ਦਾ ਗਤੀਵਿਧੀਆਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣਾ, ਆਪਣੇ ਗਿਆਨ ਨੂੰ ਦਿਖਾ ਸਕਣ ਅਤੇ ਨਤੀਜਿਆਂ 'ਚ ਸਫਲ ਹੋਣ।

ਸੰਮਲਿਤ ਅਭਿਆਸ ਉਹਨਾਂ ਸਿਧਾਂਤਾ ਦਾ ਹਵਾਲਾ ਦਿੰਦਾ ਹੈ ਕਿ ਸੇਵਾ ਸਾਰੇ ਉਪਭੋਗੀਆਂ ਲਈ ਜਵਾਬਦੇਹੀ ਹੋਣੀ ਚਾਹੀਦੀ ਹੈ ਅਤੇ ਇਹਨਾਂ ਵਿਭਿੰਨਤਾਵਾਂ ਨੂੰ ਮਾਨਿਆ ਅਤੇ ਸਵੀਕਾਰਿਆ ਜਾਣਾ ਚਾਹੀਦਾ ਹੈ। ਸੰਮਲਿਤ ਅਭਿਆਸ ਦਾ ਮੰਤਵ ਹੈ ਕਿ ਲੋਕਾਂ ਨੂੰ ਉਹਨਾਂ ਦੀ ਵਿਭਿੰਨਤਾਵਾਂ ਕਾਰਨ ਵਿਤਕਰੇ ਵਾਲਾ ਅਤੇ ਅਨਉਚਿੱਤ ਤਰੀਕੇ ਵਾਲਾ ਵਿਵਹਾਰ ਨਾ ਦਿੱਤਾ ਜਾਵੇ।

**ਸੰਮਲਿਤ ਅਭਿਆਸ ਦੇ ਤਿੰਨ ਵਿਆਪਕ ਹਿੱਸੇ ਹਨ, ਜਿਵੇਂ ਕਿ:**

1) **ਭੌਤਿਕ ਸੰਮਲਿਤ:** ਇਸ ਸੈਟਿੰਗ ਦੇ ਵਿੱਚ ਕੁਝ ਖਾਸ ਅਤੇ ਸਾਰੇ ਵਿਦਿਆਰਥੀਆਂ ਕੋਲ ਸੁਵਿਧਾਵਾਂ , ਸੇਵਾ ਅਤੇ ਗਤੀਵਿਧੀਆਂ ਤੱਕ ਬਰਾਬਰ ਦੀ ਪਹੁੰਚ ਹੁੰਦੀ ਹੈ। ਅਪਾਹਿਜ ਵਿਦਿਆਰਥੀ ਨੇੜਲੇ ਇਲਾਕੇ ਦੇ ਸਕੂਲ, ਸਮੁਦਾਇ ਅਤੇ ਜਨਰਲ ਵਿਦਿਅਕ ਕਲਾਸ ਰੂਮ ਦਾ ਹਿੱਸਾ ਹਨ।
2) **ਅਕਾਦਮਿਕ ਸੰਮਲਿਤ:** ਜਨਰਲ ਵਿਦਿਅਕ ਕਲਾਸ ਰੂਮ ਦੇ ਪ੍ਰਕਿਰਿਆ ਵਿੱਚ ਵਿੰਭਿਨ ਵਿਦਿਆਰਥੀਆਂ ਦਾ ਸ਼ਾਮਿਲ ਹੋਣਾ। ਦਰੁਸਤ ਪਾਠਕ੍ਰਮ ਦੀ ਮਿਆਂਰ, ਉੱਚ ਉਮੀਦਾਂ ਦਾ ਹੋਣਾ ਅਕਾਦਮਿਕ ਸੰਮਲਿਤ ਦੀਆਂ ਵਿਸ਼ੇਸ਼ਤਾਵਾਂ ਹਨ। ਸਾਰੇ ਵਿਦਿਆਰਥੀਆਂ ਦੀ ਸਫ਼ਲਤਾ ਨੂੰ ਉੱਚ ਸੱਤਰ ਦੀ ਪ੍ਰਾਪਤੀ ਰਾਹੀਂ ਮਾਪਿਆਂ ਜਾਂਦਾ ਹੈ।
3) **ਸਮਾਜਿਕ ਸੰਮਲਿਤ:** ਸਮਾਜਿਕ ਸੰਮਲਿਤ ਇਹ ਯਕੀਨੀ ਬਣਾਉਦਾ ਹੈ ਕਿ ਸਾਰੇ ਵਿਦਿਆਰਥੀ ਸੈਟਿੰਗ ਦੀ ਇਕ ਕਿਸਮ ਵਿੱਚ ਆਪਣੇ ਸਾਥੀਆਂ ਨਾਲ ਇੱਕ ਤਰ੍ਹਾਂ ਦੇ ਮਾਹੌਲ ਵਿੱਚ ਵਿਸ਼ਵਾਸਪੂਰਨ ਦੋਸਤੀ ਦੇ ਵਿਕਾਸ ਲਈ ਅਵਸਰ ਪ੍ਰਦਾਨ ਕਰੇ।ਮਨਜ਼ੂਰੀ ਅਤੇ ਨਾਗਰਿਕ ਅਧਿਕਾਰ ਸਮਾਜਿਕ ਇਨਸਾਫ਼ ਦੇ ਪ੍ਰਸੰਗ ਵਿੱਚ ਸਾਰੇ ਵਿਦਿਆਰਥੀ ਲਈ ਜ਼ਰੂਰੀ ਹਨ।

ਸੰਮਲਿਤ ਅਭਿਆਸ ਮੁੱਖ ਤੌਰ ਤੇ ਦੋ ਤਰ੍ਹਾਂ ਦੇ ਹੁੰਦੇ ਹਨ:

1) **ਰਿਹਾਇਸ਼(Accomodation):** ਰਿਹਾਇਸ਼ ਤੋਂ ਭਾਵ ਹੈ ਜ਼ਰੂਰੀ ਸੋਧੇ ਅਤੇ ਵੱਖ ਵੱਖ ਬਦਲਾਉ ਦਾ ਹੋਣਾ, ਅਪਾਹਿਜ ਲੋਕਾਂ ਉੱਤੇ ਨਾਜਾਇਜ਼ ਬੋਝ ਨੂੰ ਨਾ ਪਾਉਣਾ।ਅਯੋਗਤਾ ਵਾਲੇ ਵਿਅਕਤੀਆਂ ਨੂੰ ਵੀ ਮਨੁੱਖੀ ਹੱਕ ਅਤੇ ਬੁਨਿਆਦੀ ਆਜ਼ਾਦੀ ਦੇ ਤੌਰ ਤੇ ਆਧਾਰ ਤੇ ਆਨੰਦਮਈ ਅਵਸਰ ਪ੍ਰਦਾਨ ਕੀਤੇ ਜਾਣ ਅਤੇ ਨਾਲ ਹੀ ਬਰਾਬਰ ਦੇ ਅਧਿਕਾਰ ਦਿੱਤੇ ਜਾਣ।ਰਿਹਾਇਸ਼ ਨਾਲ ਵਿਦਿਆਰਥੀ ਦੀ ਅਪੰਗਤਾ ਦੇ ਪ੍ਰਭਾਵ ਨੂੰ ਖਤਮ ਕਰਨਾ ਜਾਂ ਘਟਾਉਣਾ ਹੈ, ਪਰ ਇਹ ਸਿੱਖਣ ਦੀ ਉਮੀਦ ਨੂੰ ਨਹੀਂ ਘਟਾਉਂਦਾ। ਇੱਕ ਵਿਦਿਆਰਥੀ ਨੂੰ ਕਲਾਸਰੂਮ ਹਦਾਇਤ 'ਚ, ਡਿਸਟ੍ਰਿਕਟ ਅਤੇ ਸਟੇਟ ਨਿਰਧਾਰਨ 'ਚ ਇਕ ਹੀ ਤਰ੍ਹਾਂ ਦੀ ਰਿਹਾਇਸ਼ ਪ੍ਰਧਾਨ ਕਰਨੀ ਚਾਹੀਦੀ ਹੈ।

**ਰਿਹਾਇਸ਼ ਦੇ ਵੱਖ-ਵੱਖ ਵਰਗ ਹੇਠ ਹਨ:**

- **ਪੇਸ਼ਕਾਰੀ ਰਿਹਾਇਸ਼:** ਇਸ ਨਾਲ ਵਿਦਿਆਰਥੀ ਸੂਚਨਾ ਨੂੰ ਵੱਖ-ਵੱਖ ਢੰਗਾਂ ਨਾਲ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਨਾ ਕੇਵਲ ਦੇਖ ਕੇ ਪੜ੍ਹ ਸਕਦੇ ਹਨ ਪਰ ਸੁਣ ਕੇ ਟੱਚ ਦੇ ਰਾਹੀਂ ਵੀ ਪੜ੍ਹ ਸਕਣਗੇ।
- **ਜਵਾਬ ਰਿਹਾਇਸ਼:** ਵਿਦਿਆਰਥੀਆਂ ਨੂੰ ਇਜ਼ਾਜਤ ਦਿੰਦਾ ਹੈ ਕਿ ਉਹ ਸਹਾਇਕ ਯੰਤਰ ਜਾਂ ਪ੍ਰਬੰਧਕ ਦੇ ਕੁਝ ਕਿਸਮ ਦੀ ਵਰਤੋਂ ਨਾਲ ਵੱਖ ਵੱਖ ਗਤੀਵਿਧੀਆਂ ਵਿੱਚ ਕੰਮ ਨੂੰ ਪੂਰਾ ਜਾਂ ਹੱਲ ਕਰਨ ਵਿੱਚ ਸਹਾਇਕ ਹੈ।
- **ਸਮਾਂ ਅਤੇ ਤਹਿ ਰਿਹਾਇਸ਼:** ਨਿਰਧਾਰਿਤ ਸਮੇਂ ਨੂੰ ਵਧਾਉਣਾ ਤਾਂ ਜ਼ੋ ਕੰਮ ਨੂੰ ਪੂਰਾ ਕੀਤਾ ਜਾਵੇ ਅਤੇ ਜਿਸ ਤਰੀਕੇ ਨਾਲ ਸਮੇਂ ਨੂੰ ਸੰਗਠਿਤ ਕੀਤਾ ਗਿਆ ਹੈ ਉਸਨੂੰ ਵੀ ਬਦਲਿਆ ਜਾਵੇ।
- **ਸੈਟਿੰਗ ਰਿਹਾਇਸ਼:** ਉਸ ਸਥਿਤੀ ਨੂੰ ਬਦਲਣਾ ਜਿਸ ਵਿੱਚ ਇੱਕ ਟੈਸਟ ਜਾਂ ਜਿੰਮੇਵਾਰੀ ਦਿੱਤੀ ਹੈ ਜਾਂ ਨਿਰਧਾਰਨ ਸੈਟਿੰਗ ਦੇ ਹਾਲਾਤ ਨੂੰ ਬਦਲਣਾ।

  ਹੋਰ ਸ਼ਬਦਾਂ ਵਿੱਚ, ਰਿਹਾਇਸ਼ ਨੂੰ ਕਲਾਸ ਦੀ ਸਥਿਤੀ ਨੂੰ ਬਦਲਣ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਗਿਆ ਹੈ, ਕਲਾਸ ਦੇ ਵਿੱਚ ਸੰਚਾਰਦੇ ਵੱਖ-ਵੱਖ ਢੰਗ ਪਿੰਟ ਵੱਡਾ ਜਾਂ ਬਰੇਲ ਵਿੱਚ ਸਭ ਹੱਥ ਲਿਖਤ ਮੁਹੱਈਆ ਕਰਵਾਉਣਾ , ਕਲਾਸ ਵਿੰਚ ਜਾਂ ਪ੍ਰੀਖਿਆਂ ਦੌਰਾਨ ਸਹਾਇਕ ਤਕਨੀਕ ਨੂੰ ਵਰਤਣ ਦੀ ਆਗਿਆ ਦੇਣਾ, ਜੇਕਰ ਜ਼ਰੂਰੀ ਹੋਵੇ ਤਾਂ ਪ੍ਰੀਖਿਆਂ ਪ੍ਰਾਈਵੇਟ ਕਮਰੇ ਵਿੱਚ ਲਈ

ਜਾਂਦੀ ਹੈ। ਅਪਾਹਜ ਵਿਦਿਆਰਥੀਆਂ ਦੀ ਮੱਦਦ ਕਰਦੀਆਂ ਹਨ ਜੋ ਕਿ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ।

**2) ਸਹਿਯੋਗ ਸੇਵਾਵਾਂ (Support Services)**

ਸਹਿਯੋਗ ਸੇਵਾ ਸੰਮਲਿਤ ਅਭਿਆਸ ਦਾ ਇੱਕ ਹੋਰ ਮਹੱਤਵਪੂਰਨ ਹਿੱਸਾ ਹੈ। ਇਸ ਨੂੰ ਤਕਨਾਲੋਜੀ ਦੇ ਰੂਪ ਵਿੱਚ ਅਯੋਗ ਵਿਦਿਆਰਥੀਆਂ ਦੀ ਲੋੜ ਅਨੁਸਾਰ ਮਾਹਿਰਾਂ ਦੀ ਉਪਲਬਧਤਾ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਗਿਆ ਹੈ। ਉੱਚ ਸਿੱਖਿਆ ਅਦਾਰੇ ਵਿੱਚ ਦਾਖਲ ਵੱਖ ਵੱਖ ਵਿਦਿਆਰਥੀ ਦੀ ਵਿਭਿੰਨਤਾ ਨੂੰ ਵਧਾਉਣ ਦੇ ਨਾਲ ਇਹ ਪਤਾ ਲੱਗਿਆ ਕਿ ਮਿਆਰੀ ਸਿੱਖਿਆ ਦੇ ਪ੍ਰਬੰਧ ਵਿੱਚ ਸਭ ਪ੍ਰਭਾਵਸ਼ਾਲੀ ਕਾਰਕ ਲੈਕਚਰਾਰ ਦੀ ਗੁਣਵੱਤਾ ਅਤੇ ਵਿਦਿਆਰਥੀ ਸਹਾਇਤਾ ਸੇਵਾਵਾਂ ਦੀ ਉਪਲੱਬਧਤਾ ਹੈ। ਬਹੁਤ ਸਾਰੀਆਂ ਸਹਿਯੋਗ ਸੇਵਾਵਾਂ ਹਨ, ਜ਼ੋ ਕਿ ਵਿਦਿਆਰਥੀ ਦੁਆਰਾ ਵਰਤੀਆਂ ਜਾਂ ਰਹੀਆਂ ਹਨ ਜਿਵੇਂ ਕਿ ਬਾਲ ਅੰਗਰੇਜ਼ੀ ਭਾਸ਼ਾ ਸਹਿਯੋਗ ਸੇਵਾ, ਸਲਾਹ ਸੇਵਾ, ਸਹਿਤ ਸੇਵਾ, ਲਾਇਬਰੇਰੀ ਨੂੰ ਸਹਿਯੋਗ ਸੇਵਾ,ਰੁਜ਼ਗਾਰ, ਅਧਿਐਨ ਹੁਨਰ ਸਹਾਇਤਾ, ਵਿਦਿਆਰਥੀ ਯੂਨੀਅਨ ਕਲੱਬ, ਖੇਡ ਅਤੇ ਕੇਟਰਿੰਗ ਦੀ ਸਹੂਲਤ ਸਵੈ ਆਜ਼ਾਦੀ ਵਿੱਚ ਸਹਿਯੋਗ ਸੇਵਾ ਅਯੋਗ ਵਿਦਿਆਰਥੀ ਦੀ ਜ਼ਜ਼ਬਾਤੀ ਅਤੇ ਸਮਾਜਿਕ ਲੋੜ ਨੂੰ ਪੂਰਾ ਕਰਨ ਵਿੱਚ ਮਦਦ ਕਰਦੀ ਹੈ।

ਸਮੁੱਚੇ ਤੌਰ ’ਤੇ, ਵਿੱਦਿਅਕ ਪ੍ਰਾਪਤੀ ਅਤੇ ਵਿਦਿਆਰਥੀ ਸਿੱਖਣ ਵੱਲ ਯੋਗਦਾਨ ਹੈ।

### 2.1.3 ਅਧਿਆਪਕ ਦੀ ਭੂਮਿਕਾ (Role of Teacher)

ਸੰਮਿਲਨ ਖਾਸ ਤੌਰ ਤੇ ਅਧਿਆਪਕਾਂ ਦਾ ਖਾਸ ਜ਼ਰੂਰਤਾਂ ਵਾਲੇ ਬੱਚਿਆਂ ਦੇ ਪ੍ਰਤੀ, ਜਮਾਤ ਚ ਮੌਜੂਦ ਵਿਭਿਨਤਾਵਾਂ ਅਤੇ ਕਿਵੇਂ ਉਹ ਇਨ੍ਹਾਂ ਵਿਭਿੰਨਤਾਵਾਂ ਨੂੰ ਦੇਖਦੇ ਹਨ ਤੇ ਨਿਰਭਰ ਕਰਦਾ ਹੈ। ਸਧਾਰਨ ਰੂਪ ਚ ਅਧਿਆਪਕਾ ਦੇ ਦ੍ਰਿਸ਼ਟੀਕੋਣ ਨੂੰ ਸੰਮਿਲਨ ਸਿਖਿੱਆਂ ਦੇ ਲਈ ਨਿਰਣੈ ਲੈਣ ਵਾਲਾ ਕਾਰਨ ਮੰਨਿਆਂ ਗਿਆ ਹੈ।ਜੇਕਰ ਜਮਾਤ ਅਧਿਆਪਕ (clear teacher) ਸਾਰੇ ਬੱਚਿਆਂ ਦੀ ਸਿੱਖਿਆਂ ਨੂੰ ਮੁੱਖ ਨਹੀਂ ਮੰਨਦਾ, ਫੇਰ ਉਹ ਕਿਸੇ ਵਿਸ਼ੇਸਤਾ ਨੂੰ ਖਾਸ਼ ਜਮਾਤਾਂ ਦਾ ਪ੍ਰਬੰਧ ਕਰਨ ਲਈ ਅਤੇ ਇਨ੍ਹਾਂ ਬੱਚਿਆਂ ਦੀ ਜ਼ਿਮੇਵਾਰੀ ਲੈਣ ਲਈ ਨਿਯੁਕਤ ਕਰੇਗਾ।

ਅਧਿਆਪਕ ਖਾਸ ਜ਼ਰਰਤਾਂ ਵਾਲੇ ਬੱਚੇ ਦੀ ਜ਼ਿੰਦਗੀ ਦੇ ਵਿਚ ਬਹੁਤ ਅਹਿਮ ਭੂਮਿਕਾ ਨਿਭਾਉਦਾ ਹੈ:

1) ਅਧਿਆਪਕ ਨੂੰ ਅਯੋਗਤਾ ਵਾਲੇ ਵਿਦਿਆਰਥੀਆਂ ਨੂੰ ਆਪਣੀ ਕਲਾਸ ਚ ਰੱਖਣ ਲਈ ਘੱਟ ਤੋਂ ਘੱਟ ਸਕਾਰਤਮਕ ਦ੍ਰਿਸਟੀਕੋਣ ਦਾ ਹੋਣ ਜਰੂਰੀ ਹੈ।
2) ਅਧਿਆਪਕ ਨੂੰ ਸੰਮਿਲਨ ਸਿੱਖਿਆ ਦੇ ਲਈ ਢੁਕਵੇ ਢੰਗਾਂ ਅਤੇ ਸਮੱਗਰੀ ਦੇ ਨਾਲ ਨਾਲ ਆਪਣੇ ਗਿਆਨ, ਕੌਸ਼ਲ ਨੂੰ ਵਧਾਉਣਾ ਲਈ ਟ੍ਰੇਨਿੰਗ ਅਤੇ ਅਭਿਆਸ ਦੀ ਜ਼ਰੂਰਤ ਹੈ।
3) ਅਧਿਆਪਕ ਦੇ ਲਈ ਜਮਾਤ ਚ ਵਿਦਿਆਰਥੀਆਂ ਦੇ ਵਿਚਾਕਾਰ ਸਮਾਜਿਕ ਰਿਸ਼ਤਿਆ ਨੂੰ ਵਧਾਉਣਾ ਅਧਿਆਪਕ ਦੀ ਸੰਵੇਦਨਸ਼ੀਲਤਾ ਅਤੇ ਕੋਸ਼ਲਾ ਦੇ ਲਈ ਇਕ ਅਹਿਮ ਮੁੱਦਾ ਹੈ।
ਵਿਸ਼ੇਸ ਤੌਰ ਤੇ ਅਯੋਗਤਾਵਾਂ ਅਤੇ ਯੋਗਤਾਵਾਂ ਵਾਲੇ ਵਿਦਿਆਰਥੀਆਂ ’ਚ ਆਪਸੀ ਗੱਲਬਾਤ ਦਾ ਹੋਣਾ ਬਹੁਤ ਹੀ ਫਾਇਦੇਮੰਦ ਹੈ।ਇਸ ਲਈ ਅਧਿਆਪਕ ਦੇ ਸਹੀ ਦ੍ਰਿਸਟੀਕੋਣ ਹੋਣ ਦੇ ਨਾਲ ਨਾਲ, ਵਿਦਿਆਰਥੀ ਵਿਚ ਗੱਲਬਾਤ ਤੇ ਰਿਸਤਾ ਬਣਾਉਣ ਲਈ ਚੰਗੀ ਸਮਝ ਹੋਣੀ ਜ਼ਰੂਰੀ ਹੈ।

### ਅਧਿਆਪਕ ਲਈ ਲਾਭ

1) ਹਦਾਇਤੀ ਗਤੀਵਿਧੀਆਂ ਅਤੇ ਸਿੱਖਿਆ ਢੰਗ ਬਾਰੇ ਜਾਣਕਾਰੀ ਨੂੰ ਵੰਡਣ ਨਾਲ ਦੋਨੋ ਜਨਰਲ ਅਤੇ ਖਾਸ ਸਿੱਖਿਅਕਾਂ ਦੇ ਹੁਨਰ ’ਚ ਵਾਧਾ ਹੋਵੇਗਾ।


2) ਅਧਿਆਪਕਾਂ ’ਚ ਮਿਲ ਕੇ ਅਤੇ ਸਹਿਯੋਗ ਨਾਲ ਸਮੱਸਿਆ ਦਾ ਹੱਲ ਕਰਨ ਦੇ ਹੁਨਰ ਦਾ ਵਿਕਾਸ ਹੁੰਦਾ ਹੈ, ਤਾਂ ਜੋ ਵਿਦਿਆਰਥੀ ਸਿੱਖਿਆ ਦੀਆਂ ਸਮੱਸਿਆਵਾਂ ਨੂੰ ਰਚਨਾਤਮਕ ਤਰੀਕੇ ਨਾਲ ਹੱਲ ਕਰ ਸਕਣ।

3) ਮਾਨਤਾ ਅਤੇ ਕਦਰ ਨੂੰ ਹੱਲਾਸ਼ੇਰੀ ਦਿੰਦੀ ਹੈ ਕਿ ਸਾਰੇ ਵਿਦਿਆਰਥੀਆਂ ਕੋਲ ਤਾਕਤ ਹੈ ਅਤੇ ਸਕੂਲ ਸਮੁਦਾਇ 'ਚ ਆਪਣਾ ਯੋਗਦਾਨ ਦੇਣ ਵਾਲੇ ਮੈਂਬਰ ਹਨ।

### 2.1.4 ਮਾਤਾ-ਪਿਤਾ ਦੀ ਭੂਮਿਕਾ (Role of Parents)

ਮਾਤਾ-ਪਿਤਾ ਹੇਠ ਦਿੱਤੇ ਢੰਗਾਂ ਅਨੁਸਾਰ ਜੀਵਨ ਦੇ ਹਰ ਪਹਿਲੂ ਵਿੱਚ ਵਿਸ਼ੇਸ਼ ਲੋੜ ਵਾਲੇ ਬੱਚੇ ਦੇ ਸੰਮਿਲਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ:

1) ਮਾਪਿਆਂ ਨੂੰ ਆਪਣੇ ਆਗੋਤਾ ਵਾਲੇ ਬੱਚੇ ਦੇ ਹੱਕਾਂ ਦਾ ਪਤਾ ਹੋਣਾ ਚਾਹੀਦਾ ਹੈ।
2) ਮਾਪੇ ਨੂੰ ਰਾਸ਼ਟਰੀ ਕਾਨੂੰਨ ਅਤੇ ਨੀਤੀਆਂ ਦੀ ਪੜਚੋਲ ਕਰਨੀ ਚਾਹੀਦੀ ਹੈ ਕਿ ਕਿਵੇ ਉਹ ਆਪਣੇ ਬੱਚੇ ਦੀ ਰਕਸ਼ਾ ਅਤੇ ਉਸਦੀ ਸੇਵਾ ਕਰ ਸਕਦੇ ਹਨ।
3) ਮਾਤਾ-ਪਿਤਾ ਆਪਣੀ ਜਾਣਕਾਰੀ ਨਾਲ ਹੋਰ ਸਾਰਿਆਂ ਨੂੰ ਰਸਤਾ ਦਿਖਾ ਸਕਦੇ ਹਨ ਅਤੇ ਸਮਾਜ 'ਚ ਚੰਗੇ ਆਗੂ ਬਣ ਸਕਣ।
4) ਮਾਪਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਸਦੇ ਬੱਚੇ ਨੂੰ ਸਹਾਇਤਾ ਅਤੇ ਸਹਿਯੋਗ ਦੀ ਲੋੜ ਹੈ ਤਾਂ ਜੋ ਦੂਸਰੇ ਬੱਚਿਆਂ ਵਾਂਗ ਉਹ ਵਾਤਾਵਰਣ ਤੋਂ ਫਾਇਦਾ ਲੈ ਸਕਣ। ਮਾਪਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਕ ਆਯੋਗ ਬੱਚਾ ਹੋਰ ਬੱਚਿਆਂ ਦੀ ਤਰ੍ਹਾਂ ਮਾਣ/ਦਰਜਾ ਪਾਉਣ ਦਾ ਹੱਕਦਾਰ ਹੈ।
5) ਮਾਪਿਆਂ ਨੂੰ ਮਨੁੱਖੀ ਅਧਿਕਾਰ ਅਤੇ ਸਮਾਜਿਕ ਇਨਸਾਫ਼ ਦੀ ਧਾਰਨਾ ਨੂੰ ਸਮਝਣ ਦੀ ਲੋੜ ਹੈ।
6) ਮਾਪਿਆਂ ਨੂੰ ਕਲਾਸਰੂਮ ਥੈਰੇਪੀ ਸ਼ੈਸ਼ਨ ਦੌਰਾਨ ਆਪਣੇ ਬੱਚੇ ਦੀ ਨਿਰੀਖਣ ਕਰਨ ਲਈ ਸਕੂਲ ਦਾ ਦੌਰਾ ਕਰਨਾ ਚਾਹੀਦਾ ਹੈ ਅਤੇ ਮੀਟਿੰਗ ਵਿੱਚ ਹਿੱਸਾ ਲੈਣਾ ਚਾਹੀਦਾ ਹੈ।




ਮਾਪਿਆਂ ਨੂੰ ਹਰ ਖੇਤਰ ਵਿੱਚ ਆਪਣੇ ਬੱਚੇ ਦੇ ਨਜ਼ਰੀਏ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

**ਪਰਿਵਾਰ/ਮਾਪਿਆਂ ਲਈ ਲਾਭ:**

1) ਸੰਮਲਿਤ ਸੈਟਿੰਗ ਵਿੱਚ ਆਪਣੇ ਬੱਚੇ ਨੂੰ ਸਫ਼ਲ ਦੇਖ ਕੇ ਅਤੇ ਜਿੱਥੇ ਉਹ ਰਹਿੰਦੇ ਹਨ ਉੱਥੇ ਭਾਈਚਾਰੇ ਨਾਲ ਵਧੀਆਂ ਸੰਬੰਧ ਹੋਣ, ਇਹ ਸਭ ਨੂੰ ਦੇਖ ਕੇ ਮਾਪਿਆਂ ਵਿੱਚ ਆਪਣੇ ਪ੍ਰਤੀ ਅਤੇ ਆਪਣੇ ਬੱਚੇ ਪ੍ਰਤੀ ਸਕਾਰਾਤਮਕ ਸੋਚ ਪੈਦਾ ਹੁੰਦੀ ਹੈ।

2) ਆਪਣੇ ਬੱਚੇ ਨੂੰ ਹੋਰਾਂ ਦੀਆਂ ਵਿੰਭਿਨਤਾਵਾਂ ਦੀ ਕਦਰ ਕਰਦੇ ਹੋਏ ਦੇਖਕੇ ਮਾਪਿਆਂ ਨੂੰ ਆਪਣੇ ਅਤੇ ਆਪਣੇ ਬੱਚੇ ਬਾਰੇ ਵਧੀਆਂ ਮਹਿਸੂਸ ਕਰਦੇ ਹਨ।
3) ਨਾਲ ਦੇ ਇਲਾਕੇ ਦੀਆਂ ਗਤੀਵਿਧੀਆਂ ਅਤੇ ਸਮਾਜਿਕ ਸਮਾਗਮਾਂ ਵਿੱਚ ਸਕੂਲ ਵੱਲੋਂ ਦੋਸਤੀ ਬਣਾਉਣਾ ਅਤੇ ਸਕੂਲ ਸਮੁਦਾਇ ਦੁਆਰਾ ਵੱਖ-ਵੱਖ ਮੌਕੇ ਪੈਦਾ ਕਰਨੇ।

### 2.1.5 ਸਮੁਦਾਇ/ਭਾਈਚਾਰੇ ਦੀ ਭੂਮਿਕਾ

ਸਮੁਦਾਇ/ਭਾਈਚਾਰੇ ਸਕੂਲਾਂ ਦੀ ਹੀ ਤਰ੍ਹਾਂ ਵਿਭਿੰਨ ਹਨ ਅਤੇ ਆਪਣੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ, ਸਾਨੂੰ ਇਸ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਇਹ ਕਿ ਅੰਤਰ ਅਤੇ ਵਿਭਿੰਨਤਾ ਆਮ ਹੁੰਦੀਆਂ ਹਨ ਅਤੇ ਇਸਦੀ ਇੱਜ਼ਤ ਕਰਨੀ ਚਾਹੀਦੀ ਹੈ। ਸਮੁਦਾਇ ਵਿੱਚ ਮਾਪੇ, ਸਰਪ੍ਰਸਤ, ਗੁਆਂਢੀ ਉਹ ਸਾਰੇ ਸ਼ਾਮਲ ਹਨ ਜੋ ਕਿ ਨੇੜਲੇ ਖੇਤਰ ਵਿੱਚ ਆਉਂਦੇ ਹਨ।ਕਿਸੇ ਕਮਿਊਨਿਟੀ ਵਿੱਚ ਧਾਰਮਿਕ ਆਗੂ, ਦੁਕਾਨਦਾਰ, ਸਰਕਾਰੀ ਕਰਮਚਾਰੀ ਅਤੇ ਕਈ ਹੋਰ ਵੀ ਸ਼ਾਮਲ ਹੋ ਸਕਦੇ ਹਨ।

ਸਕੂਲ ਕਿੱਥੇ ਸਥਿਤ ਹੈ: (ਜਿਵੇਂ ਕਿ ਸ਼ਹਿਰੀ, ਪੇਂਡੂ ਆਦਿ) ਤੇ ਨਿਰਭਰ ਕਰਦਾ ਹੈ, ਕਿ ਕਮਿਊਨਟੀ ਕਿਵੇਂ ਹੋਵੇਗੀ। ਕਮਿਊਨਟੀ ਦੇ ਨਾਲ ਕੰਮ ਕਰਨ ਲਈ ਬਰਾਬਰ ਦੇ ਹੱਕ ਅਤੇ ਮੌਕੇ ਦਾ ਪ੍ਰਭਾਵ ਪਤਾ ਕਰਨ ਦੀ ਲੋੜ ਹੈ।ਸਿੱਖਿਆ ਦੇ ਸੰਮਲਿਤ ਸਿਸਟਮ ਵਿੱਚ ਆਪਣੀ ਭੂਮਿਕਾ ਮਾਨਤਾ ਦੀ ਪਹਿਚਾਣ ਕਰਨ ਦੀ ਲੋੜ ਹੈ ਅਤੇ ਦੂਸਰਿਆਂ ਦੇ ਵਿਚਾਰਾਂ ਦਾ ਆਦਰਾ ਕਰਨਾ ਚਾਹੀਦਾ ਹੈ।

ਇਹ ਲੋੜ ਹੈ ਕਿ ਸਮੁਦਾਇ ਇਸ ਗੱਲ ਵਿਚ ਯਕੀਨ ਰੱਖੇ ਕਿ ਸਿੱਖਿਆ ਉੱਤੇ ਅਧਿਕਾਰ ਇੱਕ ਮਨੁੱਖ ਦਾ ਬੁਨਿਆਦੀ ਹੱਕ ਹੈ।ਅਭਿਆਸ ਤੋਂ ਪਤਾ ਲੱਗਦਾ ਹੈ ਕਿ ਜੇ ਸਮੁਦਾਇ ਨੂੰ ਇੱਕ ਜੁੱਟ ਕਰਨਾ ਹੋਵੇ ਤਾਂ ਸਾਡੇ ਸਕੂਲਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀ ਲੋੜ ਹੈ ਅਤੇ ਲੋੜ ਹੈ ਸਭ ਆਪਸ 'ਚ ਕਿ ਭਾਈਚਾਰਾ ਆਪਸ ਵਿਚ ਮਿਲ ਕੇ ਕੰਮ ਕਰਨ।

ਭਾਈਚਾਰੇ/ਸਮੁਦਾਇ ਹੇਠ ਦਿੱਤੇ ਢੰਗਾਂ ਨਾਲ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਜੀਵਨ ਦੇ ਹਰ ਪਹਿਲੂ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।ਜਿਵੇਂ ਕਿ:

1) ਸਮੁਦਾਇ ਜਾਗਰੂਕਤਾ ਪੈਦਾ ਕਰਨ ਅਤੇ ਸਕਾਰਾਤਮਕ ਰਵੱਈਏ ਨੂੰ ਪੈਦਾ ਕਰਨ ਵਿੱਚ ਮੱਦਦ ਕਰਦਾ ਹੈ। ਸੰਵੇਦਨਸ਼ੀਲਤਾ ਪ੍ਰੋਗਰਾਮ ਦੇ ਜ਼ਰੀਏ ਬੱਚੇ ਨੂੰ ਆਪਣੇ ਹੱਕ ਦੇ ਪ੍ਰਤੀ ਸਕਾਰਾਤਮਕ ਰਵੱਈਏ ਨੂੰ ਬਣਾਉਣ ਵਿੱਚ ਮਦਦ ਕਰਦੀ ਹੈ।
2) ਅਪੰਗ/ਅਯੋਗ ਲੋਕਾਂ ਦੀ ਨਕਾਰਾਤਮਕ ਭੂਮਿਕਾ ਲਈ ਸਮੁਦਾਇ ਨੂੰ ਮੀਡੀਆ(Media) ਦੀ ਨਿਗਰਾਨੀ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ।
3) ਬਹੁਤ ਸਾਰੀਆਂ ਐਸੋਸ਼ੀਏਸ਼ਨ(Association), ਨਾਟਕ ਅਤੇ ਸਭਿਆਚਾਰਕ ਸਮਾਗਮ ਉੱਤੇ ਰੈਗੂਲਰ ਆਧਾਰ ਤੇ ਕੰਮ ਕਰ ਰਹੀਆਂ ਹਨ ਅਤੇ ਚਰਿਤਰ ਅਤੇ ਕਹਾਣੀ ਵਾਲੇ ਆਪੰਗਤਾ ਅਤੇ ਭਾਈਚਾਰੇ ਦੇ ਪ੍ਰੋ-ਸਰਗਰਮ(Pro-active) ਧਾਰਨਾ ਵਿੱਚ ਬਹੁਤ ਹੀ ਜ਼ਿਆਦਾ ਲਾਭਦਾਇਕ ਸਾਬਿਤ ਹੋਏ ਹਨ।

### 2.1.6 ਸਾਰਾਂਸ਼

ਬੱਚੇ ਪਰਿਵਾਰ ਅਤੇ ਸਮਾਜ ਨਾਲ ਸੰਬੰਧ ਰੱਖਦੇ ਹਨ। ਸਮਾਜ ਵੀ ਸਕੂਲ ਦੀ ਤਰ੍ਹਾਂ ਹੀ ਸਿੱਖਣ ਦੀ ਜਗ੍ਹਾ ਹੈ।ਸਿੱਖਿਆ ਦੀ ਸੰਮਲਿਤ ਵਿਧੀ ਇਸ ਗੱਲ ਦੀ ਪਹਿਚਾਣ ਕਰਦੀ ਹੈ ਕਿ ਬੱਚੇ ਸਮਾਜ ਵਿੱਚ ਆਪਣਾ ਯੋਗਦਾਨ ਦੇ ਸਕਣ ਅਤੇ ਸਹੀ ਫੈਸਲੇ ਨੂੰ ਲੈ ਸਕਣ।ਅਧਿਆਪਕ, ਬੱਚੇ ਅਤੇ ਸਮਾਜ ਇੱਕ ਦੂਜੇ ਨੂੰ ਸਮਝਣ ਅਤੇ ਇੱਕ ਦੂਜੇ ਨੂੰ ਆਪਣੇ ਫਰਜ਼ਾਂ ਪ੍ਰਤੀ ਉਤਸ਼ਾਹਿਤ ਕਰਨ।ਕਈ ਵਾਰ ਜ਼ੋ ਸਮੱਸਿਆਵਾਂ ਨਾਲ ਜੂਝ ਰਿਹਾ ਹੁੰਦਾ ਹੈ ਜਾਂ ਬੱਚਿਆਂ ਨੂੰ ਪੜ੍ਹਾਈ ਸੰਬੰਧੀ ਸਮੱਸਿਆਵਾਂ ਆ ਰਹੀਆਂ ਹੁੰਦੀਆਂ ਹਨ, ਸਮਾਜ ਉਨ੍ਹਾਂ ਨੂੰ ਨਹੀਂ ਸਮਝਦਾ ਅਤੇ ਸਮਾਜ ਦੀ ਸਹਾਇਤਾ ਤੋਂ ਬਿਨਾਂ ਇਹ ਹੱਲ ਨਹੀਂ ਕੀਤਾ ਜਾ ਸਕਦਾ। ਇਹ ਚੁਣੌਤੀ ਹੈ ਕਿ ਵੱਧ ਤੋਂ ਵੱਧ ਬੱਚਿਆਂ ਦੇ ਮਾਪਿਆਂ ਨੂੰ ਸ਼ਾਮਲ ਕੀਤਾ ਜਾਵੇ। ਉਹਨਾਂ ਦਾ ਹੌਸਲਾ ਅਤੇ ਆਤਮ ਵਿਸ਼ਵਾਸ ਵਧਾਇਆ ਜਾਵੇ।

4.7 ਸੁਝਾਏ ਗਏ ਪ੍ਰਸ਼ਨ:-

1. ਸੰਮਿਲਨ ਅਭਿਆਸ ਤੋਂ ਤੁਸੀ ਕੀ ਸਮਝਦੇ ਹੋ?
2. ਸੰਮਿਲਨ ਅਭਿਆਸ ਦੀ ਰਚਨਾ ਅਤੇ ਸਥਿਰਤਾ ਵਿੱਚ ਅਧਿਆਪਕ ਦੀ ਕੀ ਭੂਮਿਕਾ ਹੈ?
3. ਸੰਮਿਲਨ ਅਭਿਆਸ ਦੀ ਰਚਨਾ ਅਤੇ ਸਥਿਰਤਾ ਵਿਚ ਮਾਤਾ-ਪਿਤਾ ਦੀ ਕੀ ਭੂਮਿਕਾ ਹੈ?
4.ਸੰਮਿਲਨ ਅਭਿਆਸ ਦੀ ਰਚਨਾ ਅਤੇ ਸਥਿਰਤਾ ਵਿੱਚ ਸਮਾਜ ਦੀ ਕੀ ਭੂਮਿਕਾ ਹੈ?

**4.8 ਸੁਝਾਇਆ ਗਿਆ ਸਾਮਗ੍ਰੀ**


- Bulcalos, A.L.& Lingo, A.S.(2005) filling the potholes in the road to inclusion: successful research-based strategies for intermediate & middle school students with mild disabilities. Teaching Exceptional children Plus;1 (4)
- Fulk.B.M.& King. K. (2001). Classwide Peer tutoring at work. Teaching exceptional children plus: 34m49-53.
- Gajna.M.Jitendra,A.K., Sood, s. & Sacks,G.(2007). Improving comprehension of expository text in students with LD:A research syothesis,journal ofhearning Disabilities , 40 (3), 210-25.
- Garmston,R.& Wellman,B. (2002). The adaprive school Developing and facuitating collaborative groups (4th .ed) El dorado hills,CAL four hats seminar.
- Mastropieri M.A& scuggs. T.e. (2007). The inclusive classroom: Strategies for effective instruction (3rd .ed.pp.178-185). upper saddle river, No: merill prentice hall.
- Tate, M.L.(2003). worksheets don't grow densrites : 20 instructional strategies that engage the brain. Thousand oaks, CAL Corwin Press.

ਪਾਠ ਨੰ : 2.2

ਲੇਖਕ : ਡਾ. ਟੀ. ਆਰ. ਸ਼ਰਮਾ

# ਸਿੱਖਿਆ ਦੀ ਕੌਮੀ ਨੀਤੀ, 1986

## ਪਾਠ ਦੀ ਬਣਤਰ :

2.2.1 ਉਦੇਸ਼
2.2.2 ਕੌਮੀ ਸਿੱਖਿਆ ਨੀਤੀ ਦਾ ਸੰਖੇਪ ਇਤਿਹਾਸ
2.2.3 1986 ਦੀ ਨੀਤੀ ਸਫ਼ਲ ਕਿਉਂ ਨਾ ਹੋਈ
2.2.4 ਨਵੀਂ ਨੀਤੀ ਦਾ ਪਿਛੋਕੜ
2.2.5 1986 ਦੀ ਸਿੱਖਿਆ ਨੀਤੀ ਦਾ ਵਿਰੋਧ ਅਤੇ ਇਸ ਦੀ ਸੋਧ
2.2.6 ਸਵੈ-ਮੁਲਾਂਕਣ ਲਈ ਪ੍ਰਸ਼ਨ
2.2.7 ਸੁਝਾਈ ਪ੍ਰਸ਼ਨ ਸੂਚੀ
2.2.8 ਸੁਝਾਈ ਪੁਸਤਕ-ਸੂਚੀ

## 2.2.1 ਉਦੇਸ਼ : (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਹੇਠ ਲਿਖੇ ਸੰਕਲਪਾਂ ਬਾਰੇ ਸੂਝ ਪ੍ਰਾਪਤ ਕਰੋਗੇ :

1. ਕੌਮੀ ਸਿੱਖਿਆ ਨੀਤੀ ਦੇ ਇਤਿਹਾਸ ਨੂੰ ਸਮਝਣਾ।
2. 1968 ਦੀ ਕੌਮੀ ਸਿੱਖਿਆ ਨੀਤੀ ਦੇ ਪਿਛੋਕੜ ਨੂੰ ਸਮਝਣਾ।
3. 1979 ਦੀ ਸਿੱਖਿਅਕ ਨੀਤੀ ਦੀ ਲੋੜ ਨੂੰ ਸਮਝਣਾ ਜੋ ਕਿ ਕਦੇ ਵੀ ਲਾਗੂ ਨਹੀਂ ਕੀਤੀ ਗਈ।
4. 1986 ਦੀ ਸਿੱਖਿਅਕ ਨੀਤੀ ਦੇ ਵਿਸ਼ਾ-ਵਸਤੂ ਨੂੰ ਸਮਝਣਾ।
5. 1986 ਦੀ ਸਿੱਖਿਆ ਦੀ ਕੌਮੀ ਨੀਤੀ ਦੇ ਗੁਣਾਂ ਅਤੇ ਊਣਤਾਈਆਂ ਦਾ ਗਿਆਨ ਹੋ ਜਾਵੇਗਾ।

## 2.2.2 ਕੌਮੀ ਸਿੱਖਿਆ ਨੀਤੀ ਦਾ ਸੰਖੇਪ ਇਤਿਹਾਸ

ਪ੍ਰਾਚੀਨ ਭਾਰਤ ਵਿਚ ਸਿੱਖਿਆ ਸਰਕਾਰ ਦੇ ਅਧੀਨ ਨਹੀਂ ਹੁੰਦੀ ਸੀ। ਹਾਲਾਂਕਿ ਸਿੱਖਿਆ ਦੀ ਰੂਪ ਰੇਖਾ ਸਾਰੇ ਭਾਰਤ ਵਿਚ ਤਕਰੀਬਨ ਇਕੋ ਜਿਹੀ ਹੁੰਦੀ ਸੀ। ਸਿੱਖਿਆ ਦਾ ਪਾਠਕ੍ਰਮ, ਵੇਦਾਂ, ਸ਼ਾਸਤਰਾਂ, ਉਪਨਿਸ਼ਦਾਂ ਦੇ ਅਧਿਆਪਨ ਦੀ ਵਿਧੀ ਰੱਟਾ ਲਗਾਉਣਾ ਹੀ ਹੁੰਦੀ ਸੀ, ਸਿੱਖਿਆ ਦਾ ਉਦੇਸ਼ ਅਧਿਆਤਮਕਤਾ ਸੀ, ਪਰ ਫਿਰ ਵੀ ਅਧਿਆਪਕ ਜਾਂ ਗੁਰੂ ਸਿੱਖਿਆ ਦੇਣ ਦੇ ਖੇਤਰ ਵਿਚ ਪੂਰੀ ਤਰ੍ਹਾਂ ਸੁਤੰਤਰ ਹੁੰਦੇ ਸੀ।

ਵੇਦਾਂ, ਵੈਰਾਗਾਂ ਅਤੇ ਅਰਣਿਕਾਂ ਤੋਂ ਬਾਅਦ ਸੂਤਰਾਂ ਦਾ ਸਮਾਂ ਆਇਆ। ਉਸ ਸਮੇਂ ਮਨੂੰ ਜੀ ਮਹਾਰਾਜ ਦੇ ਸੂਤਰ ਵਿਚ ਸਿੱਖਿਆ ਦੀ ਸਮੁੱਚੀ ਨੀਤੀ ਦਾ ਵਰਣਨ ਮਿਲਦਾ ਹੈ। ਇਸ ਸੂਤਰ ਵਿਚ ਬੱਚੇ ਦੇ ਦਾਖ਼ਲ ਹੋਣ ਦੀ ਉਮਰ, ਸਿੱਖਿਆ ਦੇ ਵਰ੍ਹੇ ਅਧਿਆਪਕ ਦੀਆਂ ਜ਼ਿੰਮੇਵਾਰੀਆਂ, ਵਿਦਿਆਰਥੀਆਂ ਦੇ ਕਰਤੱਵ, ਪਾਠਕ੍ਰਮ ਬਾਰੇ ਆਦੇਸ਼ ਲਿਖੇ ਹਨ। ਸੂਤਰ-ਪਾਤ ਪ੍ਰਾਚੀਨ ਭਾਰਤ ਦੀ ਸਿੱਖਿਆ ਨੀਤੀ ਕਹੀ ਜਾ ਸਕਦੀ ਹੈ।

ਫਿਰ ਰਾਮਾਇਣ ਦਾ, ਮਹਾਭਾਰਤ ਦਾ ਅਤੇ ਬੁੱਧ ਦਾ ਸਮਾਂ ਆਇਆ। ਤਰੇਤੇ ਅਤੇ ਦਵਾਪਰ ਵਿਚ ਮਨੂੰ ਦੀ ਨੀਤੀ ਚਲਦੀ ਰਹੀ। ਬੁੱਧ ਨੇ ਨਵੀਂ ਸਿੱਖਿਆ ਨੀਤੀ ਦੇਸ਼ ਨੂੰ ਦਿੱਤੀ, ਫੇਰ ਹਿੰਦੂ ਰਾਜਿਆਂ ਦਾ ਸਮਾਂ ਆਇਆ। ਕੁਝ ਵਰ੍ਹੇ ਚਾਣਕਯ ਦਾ ਨੀਤੀ-ਸ਼ਾਸਤਰ ਪ੍ਰਧਾਨ ਰਿਹਾ। ਪਾਨਿਨੀ ਆਪਣੇ ਸਮੇਂ ਦੀ ਸਿੱਖਿਆ ਨੀਤੀ ਦਾ ਜ਼ਿਕਰ ਅਸ਼ਟਾ-ਅਧਿਆਈ ਵਿਚ ਕਰਦਾ ਹੈ।

ਫਿਰ ਮੁਸਲਮਾਨਾਂ ਦਾ ਸਮਾਂ ਆਇਆ। ਉਹਨਾਂ ਨੂੰ ਹਿੰਦੂ ਧਰਮ ਨਾਲ ਨਫਰਤ ਸੀ, ਇਸੇ ਕਰਕੇ ਹਿੰਦੂਆਂ ਦੇ ਧਰਮ ਗ੍ਰੰਥਾਂ ਅਤੇ ਪੂਜਾ ਸਾਧਨਾਂ ਨਾਲ ਵੀ ਨਫ਼ਰਤ ਸੀ, ਜਿਨ੍ਹਾਂ ਨਾਲ ਸਿੱਖਿਆ ਸੰਸਥਾਵਾਂ ਜੁੜੀਆਂ

ਹੋਈਆਂ ਸਨ। ਮੁਸਲਮਾਨ ਹਮਲਾਵਰਾਂ ਨੇ ਯੂਨੀਵਰਸਿਟੀਆਂ ਸਾੜੀਆਂ। ਵਿਦਵਾਨਾਂ ਨੂੰ ਕਤਲ ਕੀਤਾ ਤੇ ਸਿੱਖਿਆ ਦੀ ਬਣਤਰ ਨੂੰ ਤੈਸ-ਨੈਸ ਕਰ ਦਿੱਤਾ। ਆਪ ਵੀ ਕੋਈ ਨੀਤੀ ਦੇਸ਼ ਨੂੰ ਨਾ ਦਿੱਤੀ। ਮਗਰਲੇ ਬਾਦਸ਼ਾਹ ਇੰਨੇ ਕਮਜ਼ੋਰ ਸਨ ਕਿ ਉਹਨਾਂ ਕੋਲੋਂ ਕਿਸੇ ਠੋਸ ਸਿੱਖਿਆ ਨੀਤੀ ਦੀ ਆਸ ਹੀ ਨਹੀਂ ਸੀ ਕੀਤੀ ਜਾ ਸਕਦੀ।

ਅੰਗਰੇਜ਼ਾਂ ਦੇ ਕਾਲ ਵਿਚ 1813 ਤੋਂ ਲੈ ਕੇ 1947 ਤੱਕ ਵਿਦਿਅਕ ਨੀਤੀ ਬੜੇ ਸਪੱਸ਼ਟ ਸ਼ਬਦਾਂ ਵਿਚ ਦੇਸ਼ ਦੇ ਸਾਮ੍ਹਣੇ ਆਈ। ਸੰਨ 1813 ਦੇ ਚਾਰਟਰ ਐਕਟ ਨੂੰ ਸਿੱਖਿਆ ਨੀਤੀ ਦੀ ਪੌੜੀ ਦਾ ਪਹਿਲਾਂ ਡੰਡਾ ਕਿਹਾ ਜਾ ਸਕਦਾ ਹੈ। ਇਸ ਤੋਂ ਮਗਰੋਂ 1854 ਦੀ ਵੁਡਜ ਡਿਸਪੈਚ, 1882 ਦੀ ਭਾਰਤੀ ਸਿੱਖਿਆ ਕਮਿਸ਼ਨ ਦੀ ਰਿਪੋਰਟ ਉਨ੍ਹੀਵੀਂ ਸਦੀ ਦੇ ਮੁੱਖ ਨੀਤੀ ਦਸਤਾਵੇਜ਼ ਸਨ।

ਅੰਗਰੇਜ਼ਾਂ ਦੀ ਵਿਦਿਅਕ ਨੀਤੀ ਸਮੇਂ ਦੇ ਨਾਲ ਬਦਲਦੀ ਰਹੀ ਅਤੇ ਰਿਪੋਰਟਾਂ, ਪ੍ਰਸਤਾਵਾਂ, ਮਿੰਟਾਂ, ਡਿਸਪੈਚਾਂ, ਐਲਾਨਾਂ ਆਦਿ ਦੇ ਰੂਪ ਵਿਚ ਦੇਸ਼ ਨੂੰ ਮਿਲਦੀ ਰਹੀ। ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ 1904 ਅਤੇ 1913 ਵਿਚ ਦੋ ਵਿਸ਼ੇਸ਼ ਨੀਤੀ ਪ੍ਰਸਤਾਵ ਸਰਕਾਰ ਨੇ ਪ੍ਰਕਾਸ਼ਿਤ ਕੀਤੇ। 1921 ਵਿਚ ਸਿੱਖਿਆ ਨੂੰ ਪ੍ਰਾਂਤੀ ਸਰਕਾਰਾਂ ਦੇ ਸਪੁਰਦ ਕੀਤਾ ਗਿਆ। ਇਸ ਤੋਂ ਪਹਿਲਾਂ 1917 ਵਿਚ ਸੈਡਲਰ ਕਮਿਸ਼ਨ ਦੇ ਸੁਝਾਵਾਂ ਨੂੰ ਸਰਕਾਰ ਨੇ ਮੰਨ ਕੇ ਨੀਤੀ ਦਾ ਰੂਪ ਦਿੱਤਾ ਸੀ। 1929 ਵਿਚ ਹਾਰਟੋਗ ਨੇ ਸਿੱਖਿਆ ਵਿਚਲੀ ਹਾਨੀ ਬਾਰੇ ਜਿਹੜੇ ਸੁਝਾਅ ਦਿੱਤੇ ਅਤੇ 1937 ਵਿਚ ਐਬਟ-ਵੁਡ ਦੀ ਰਿਪੋਰਟ ਨੂੰ ਸਰਕਾਰ ਨੇ ਨੀਤੀ ਦਾ ਰੂਪ ਦਿੱਤਾ।

ਸੰਨ 1944 ਵਿਚ ਸਰ ਜਾਨ ਸਾਰਜੈਂਟ ਨੇ ਇਕ ਬੜਾ ਸ਼ਾਨਦਾਰ ਦਸਤਾਵੇਜ਼ ਸਿੱਖਿਆ ਦੀ ਨੀਤੀ ਦੇ ਨਿਰਮਾਣ ਵਜੋਂ ਤਿਆਰ ਕੀਤਾ ਪਰ ਅਜੇ ਇਸ ਯੋਜਨਾ ਤੇ ਬਹਿਸ ਹੋ ਰਹੀ ਸੀ ਕਿ 1947 ਵਿਚ ਭਾਰਤ ਸੁਤੰਤਰ ਹੋ ਗਿਆ।

ਸੰਨ 1950 ਵਿਚ ਭਾਰਤ ਦਾ ਸੰਵਿਧਾਨ ਲਾਗੂ ਹੋਇਆ। ਇਸ ਵਿਚ ਭਾਰਤ ਸਰਕਾਰ ਨੇ ਆਪਣੀ ਪਹਿਲੀ ਨ਼ੀਤੀ ਦੇਸ਼ ਨੂੰ ਦਿੱਤੀ, ਪਰ ਇਸ ਦਸਤਾਵੇਜ਼ ਨੂੰ ਨੀਤੀ ਦਸਤਾਵੇਜ਼ ਨਹੀਂ ਕਿਹਾ ਜਾ ਸਕਦਾ। ਸਰਕਾਰ ਨੇ 1949 ਵਿਚ ਰਾਧਾਕ੍ਰਿਸ਼ਨ ਸਿੱਖਿਆ ਕਮਿਸ਼ਨ ਯੂਨੀਵਰਸਿਟੀ ਸਿੱਖਿਆ ਦੀ ਘੋਖ ਲਈ ਅਤੇ 1952 ਵਿਚ ਮੁਦਾਲੀਅਰ ਕਮਿਸ਼ਨ ਸੈਕੰਡਰੀ ਸਿੱਖਿਆ ਦੀ ਘੋਖ ਅਤੇ 1958 ਵਿਚ ਪਿਰਸ ਲਖਾਨੀ (Pires-Lakhani) ਕਮੇਟੀ ਅਤੇ ਅਸਥਾਨਾਂ ਕਮਿਸ਼ਨ ਪ੍ਰਾਇਮਰੀ ਸਿੱਖਿਆ ਦੀ ਘੋਖ ਲਈ ਮੁਕੱਰਰ ਕੀਤੇ, ਪਰ ਕਿਉਂਕਿ ਸਿੱਖਿਆ ਰਾਜ ਸੂਚੀ ਵਿਚ ਸੀ ਇਸ ਕਰਕੇ ਇਹਨਾਂ ਕਮਿਸ਼ਨਾਂ ਦੀਆਂ ਰਿਪੋਰਟਾਂ ਦਾ ਕੋਈ ਵਿਸ਼ੇਸ਼ ਪ੍ਰਭਾਵ ਨਾ ਪਿਆ।

ਸੰਨ 1964 ਵਿਚ ਸਰਕਾਰ ਨੇ ਸਿੱਖਿਆ ਨੂੰ ਸਮੁੱਚੇ ਰੂਪ ਵਿਚ ਵੇਖ ਕੇ ਚਹੁੰ-ਪਾਸੀ ਸੁਧਾਰ ਵਾਸਤੇ ਸੁਝਾਅ ਪ੍ਰਾਪਤ ਕਰਨ ਲਈ ਕੋਠਾਰੀ ਸਿੱਖਿਆ ਕਮਿਸ਼ਨ ਮੁਕੱਰਰ ਕੀਤਾ। ਇਸ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਪਾਰਲੀਮੈਂਟ ਦੀ ਕਮੇਟੀ ਨੇ ਵਿਚਾਰ ਉਪਰੰਤ ਸੰਸਦ ਦੇ ਸਾਮ੍ਹਣੇ ਰੱਖਿਆ। ਭਾਰਤ ਦੀ ਲੋਕ ਸਭਾ ਨੇ ਕੁਠਾਰੀ ਸਿੱਖਿਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿਚੋਂ ਵਿਸ਼ੇਸ਼ ਨੁਕਤਿਆਂ ਦੀ ਚੋਣ ਕਰਕੇ ਸੁਤੰਤਰ ਭਾਰਤ ਦੀ ਪਹਿਲੀ ਸਿੱਖਿਆ ਨੀਤੀ ਦੇ ਰੂਪ ਵਿਚ 1968 ਵਿਚ ਇਕ ਪ੍ਰਸਤਾਵ ਪਾਸ ਕੀਤਾ।

### 2.2.3 1968 ਦੀ ਨੀਤੀ ਸਫਲ ਕਿਉਂ ਨਾ ਹੋਈ

1968 ਵਾਲੀ ਨੀਤੀ ਸਪਸ਼ਟ ਸੀ, ਸਿੱਖਿਆ ਦੇ ਪੱਖੋਂ ਮਜ਼ਬੂਤ ਸੀ, ਇਸ ਵਿੱਚ ਕੋਈ ਨਵੀਂ ਚੀਜ਼ ਨਹੀਂ ਸੀ, ਕੇਵਲ ਪੁਰਾਣੀਆਂ ਚੀਜ਼ਾਂ ਨੂੰ ਦੁਹਰਾਇਆ ਗਿਆ ਸੀ ਕਿ ਸਾਰੇ ਰਾਜ ਕਿਸੇ ਸਾਂਝੇ ਪ੍ਰੋਗਰਾਮ ਤੇ ਰਾਜੀ ਹੋ ਜਾਣ। ਪਰ ਇਹ ਨਾ ਹੋ ਸਕਿਆ। ਇਸ ਦੇ ਵੱਡੇ ਕਾਰਨ ਸਨ। ਇਕ ਇਹ ਹੈ ਕਿ ਸਿੱਖਿਆ ਦਾ ਵਿਸ਼ਾ ਰਾਜ ਸੂਚੀ ਵਿਚ ਸੀ, ਰਾਜ ਸਰਕਾਰਾਂ ਉੱਤੇ ਕੇਂਦਰੀ ਸਰਕਾਰ ਕੋਈ ਨੀਤੀ ਕਾਨੂੰਨੀ ਤੌਰ ਤੇ ਲਾਗੂ ਨਹੀਂ ਸੀ ਕਰ ਸਕਦੀ। ਦੂਜਾ ਕਾਰਨ ਇਹ ਸੀ ਕਿ ਨਵੇਂ ਪ੍ਰੋਗਰਾਮ ਲਈ ਧਨ ਦੀ ਲੋੜ ਸੀ ਜਿਹੜਾ ਨਾ ਰਾਜ ਸਰਕਾਰਾਂ ਕੋਲ ਸੀ ਤੇ ਨਾ ਕੇਂਦਰ ਸਰਕਾਰ ਦੇ ਰਹੀ ਸੀ।

ਥੋੜ੍ਹਾ ਬਹੁਤ ਸਬਬ ਇਹ ਵੀ ਸੀ ਕਿ ਨੀਤੀ ਘੜਨ ਵੇਲੇ ਜਨਤਾ ਦੀ ਰਾਏ ਨਹੀਂ ਲਈ ਗਈ ਸੀ ਅਤੇ ਨੀਤੀ ਵਿਚ ਸਿਰਫ ਗੱਲਾਂ ਹੀ ਲਿਖੀਆਂ ਗਈਆਂ ਸਨ, ਕੋਈ ਠੋਸ ਸੁਝਾਅ ਇਸ ਵਿਚ ਨਹੀਂ ਸਨ, ਤੇ

ਨਾ ਹੀ ਟੀਚੇ ਪੂਰੇ ਕਰਨ ਦੀ ਕੋਈ ਮਿਆਦ ਹੀ ਨਿਸ਼ਚਿਤ ਕੀਤੀ ਗਈ ਸੀ। ਇਸ ਕਰਕੇ ਇਹ ਨੀਤੀ ਅਲਮਾਰੀਆਂ ਦਾ ਸ਼ਿੰਗਾਰ ਬਣ ਕੇ ਹੀ ਰਹਿ ਗਈ।

### 2.2.4 ਨਵੀਂ ਨੀਤੀ ਦਾ ਪਿਛੋਕੜ

ਭਾਰਤ ਸਰਕਾਰ ਨੇ 1968 ਵਿਚ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਪਹਿਲੀ ਕੌਮੀ ਨੀਤੀ ਦੇਸ਼ ਨੂੰ ਦਿੱਤੀ। ਇਹ ਨੀਤੀ ਕੇਵਲ ਸੁਝਾਅ ਮਾਤਰ ਦੀ ਸੀ ਕਿਉਕਿ ਕੇਂਦਰੀ ਸਰਕਾਰ ਕੋਲ ਕੋਈ ਕਾਨੂੰਨੀ ਸ਼ਕਤੀ ਇਸ ਨੀਤੀ ਨੂੰ ਸਾਰੇ ਰਾਜਾਂ ਵਿਚ ਲਾਗੂ ਕਰਨ ਲਈ ਨਹੀਂ ਸੀ, ਕਿਉਂਕਿ ਸਿੱਖਿਆ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਸੀ। ਇਸ ਕਰਕੇ ਇਸ ਨੀਤੀ ਤੇ ਅਮਲ ਨਾ ਹੋ ਸਕਿਆ ਅਤੇ ਜਿਵੇਂ ਪਹਿਲਾ ਕਿਹਾ ਗਿਆ ਹੈ, ਇਹ ਨੀਤੀ ਅਲਮਾਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਗਈ।

1976 ਵਿਚ ਭਾਰਤ ਸਰਕਾਰ ਨੇ ਸੰਵਿਧਾਨ ਵਿਚ 48ਵੀਂ ਸੋਧ ਕੀਤੀ ਅਤੇ ਸਿੱਖਿਆ ਦੇ ਵਿਸ਼ੇ ਨੂੰ ਰਾਜ ਸੂਚੀ ਵਿਚੋਂ ਕੱਢ ਕੇ ਸਮਵਰਤੀ ਸੂਚੀ (Concurrent List) ਵਿਚ ਪਾ ਦਿੱਤਾ। ਅਜਿਹਾ ਕਰਨ ਨਾਲ ਕੇਂਦਰੀ ਸਰਕਾਰ ਨੇ ਸਿੱਖਿਆ ਖੇਤਰ ਵਿਚ ਰਦੋ-ਬਦਲ ਕਰਨ ਦਾ ਕਾਨੂੰਨੀ ਅਧਿਕਾਰ ਲੈ ਲਿਆ। ਉਸ ਵੇਲੇ ਰਾਜ ਜਨਤਾ ਸਰਕਾਰ ਦਾ ਸੀ। ਜਨਤਾ ਸਰਕਾਰ ਨੇ 1979 ਵਿਚ ਨਵੀਂ ਸਿੱਖਿਆ ਨੀਤੀ ਦਾ ਖਰੜਾ ਤਿਆਰ ਕੀਤਾ। ਇਸ ਵਿਚ ਬਾਲਗ ਸਿੱਖਿਆ ਅਤੇ ਪ੍ਰਾਇਮਰੀ ਸਿੱਖਿਆ ਤੇ ਬਹੁਤ ਜ਼ੋਰ ਦਿੱਤਾ ਗਿਆ ਸੀ। ਸਕੂਲਾਂ ਦੀਆਂ ਜਾਤਾਂ ਖਤਮ ਕਰਕੇ ਸਾਰੀ ਭਾਰਤੀ ਜਨਤਾ ਲਈ ਸਿੱਖਿਆ ਦੇ ਇਕੋ ਜਿਹੇ ਮੌਕੇ ਮੁਹੱਈਆਂ ਕਰਨ ਦਾ ਸੁਪਨਾ ਲਿਆ ਗਿਆ ਸੀ। ਪਰ ਜਨਤਾ ਸਰਕਾਰ ਬਹੁਤ ਦੇਰ ਟਿਕ ਨਾ ਸਕੀ। ਉਸ ਵੱਲੋਂ ਬਣਾਈ ਨੀਤੀ ਤੇ ਲੋਕ ਸਭਾ ਵਿਚ ਬਹਿਸ ਵੀ ਨਾ ਹੋ ਸਕੀ। ਜਨਤਾ ਸਰਕਾਰ ਗਈ ਤੇ ਉਸ ਦੇ ਨਾਲ ਗਈ 1979 ਵਾਲੀ ਨੀਤੀ।

ਅਕਤੂਬਰ 1984 ਵਿਚ ਪ੍ਰਧਾਨ ਮੰਤਰੀ ਇੰਦਰਾ ਜੀ ਦਾ ਦਿਹਾਂਤ ਹੋ ਗਿਆ। ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ। ਇਹਨਾਂ ਨੇ ਪਹਿਲੇ ਭਾਸ਼ਨ ਵਿਚ ਹੀ ਦੇਸ਼ ਨੂੰ ਸਿੱਖਿਆ ਦੀ ਇਕ ਨਵੀਂ ਨੀਤੀ ਦੇਣ ਦਾ ਵਾਅਦਾ ਕੀਤਾ। ਰਾਜੀਵ ਸਰਕਾਰ ਨੇ ਅਗਸਤ 1985 ਵਿਚ ਭਾਰਤੀ ਸਿੱਖਿਆ ਦੀ ਵਰਤਮਾਨ ਸਥਿਤੀ ਤੇ ਪ੍ਰਕਾਸ਼ ਪਾਉਂਦਿਆਂ, ਨਵੀਂ ਨੀਤੀ ਦੀਆਂ ਰੇਖਾਵਾਂ ਦੱਸਣ ਵਾਲਾ ਇਕ ਕੋਨਟਰੈਕਟ ਸਾਈਨ ਕੀਤਾ। ਇਸ ਦਸਤਾਵੇਜ਼ ਦਾ ਨਾ ਸੀ ਚੈਲੰਜ ਆਫ਼ ਐਜੂਕੇਸ਼ਨ : ਏ ਪਾਲਿਸੀ ਪ੍ਰਸਪੈਕਟਿਵ (Challenge of Education : A Policy Perspective) ਇਹ ਪੁਸਤਕ ਲੱਖਾਂ ਦੀ ਗਿਣਤੀ ਵਿਚ ਛਾਪੀ ਗਈ ਤੇ ਸਾਰੇ ਦੇਸ਼ ਵਿਚ ਇਸ ਵਿਸ਼ੇ ਤੇ ਬਹਿਸਾਂ ਗੋਸ਼ਟੀਆਂ, ਤੋਂ ਸੁਝਾਅ ਮੰਗੇ ਗਏ। ਸਾਰੇ ਸੁਝਾਵਾਂ ਨੂੰ ਘੋਖ ਕੇ, ਵਰਤਮਾਨ ਭਾਰਤ ਦੀਆਂ ਸਮੱਸਿਆਵਾਂ ਨੂੰ ਸਾਮ੍ਹਣੇ ਰੱਖ ਕੇ ਨਵੀਂ ਨੀਤੀ ਦਾ ਖਰੜਾ ਤਿਆਰ ਕੀਤਾ ਗਿਆ। ਇਸ ਖਰੜੇ ਨੂੰ ਰਾਜ ਸਰਕਾਰਾਂ ਅਤੇ ਸਿੱਖਿਆ 'ਮਾਹਰਾਂ ਨੂੰ ਵਿਖਾਇਆ ਗਿਆ ਫਿਰ ਲੋਕ ਸਭਾ ਦੇ ਸਾਮ੍ਹਣੇ ਰੱਖਿਆ ਗਿਆ। ਲੋਕ ਸਭਾ ਨੇ ਕਈ ਦਿਨ ਇਸ ਖਰੜੇ ਤੇ ਵਿਚਾਰ ਕੀਤਾ ਅਤੇ ਮਈ 1986 ਨੂੰ ਭਾਰਤ ਸਰਕਾਰ ਨੇ ਦੇਸ਼ ਨੂੰ ਨਵੀਂ ਨੀਤੀ ਦਿੱਤੀ। ਇਸ ਨੀਤੀ ਦੀਆਂ ਪ੍ਰਮੁੱਖ ਸਿਫਾਰਸ਼ਾਂ ਇਸ ਪ੍ਰਕਾਰ ਹਨ।

1. ਸਕੂਲਾਂ ਦੀਆਂ ਭਿੰਨ-ਭਿੰਨ ਕਿਸਮਾਂ ਹਟਾ ਕੇ ਇਕੋ ਕਿਸਮ ਦੇ ਸਕੂਲ ਸਾਂਝੀ ਸਕੂਲ ਪ੍ਰਣਾਲੀ (Common School System) ਦੇ ਹੇਠਾਂ ਵਿਕਸਿਤ ਕੀਤੇ ਜਾਣ।
2. ਸਾਰੇ ਦੇਸ਼ ਵਿਚ 10+2+3 ਵਾਲਾ ਸਿੱਖਿਆ ਢਾਂਚਾ ਲਾਗੂ ਕੀਤਾ ਜਾਵੇ।
3. ਹਾਈ ਸਕੂਲ ਤੱਕ ਸਾਰੇ ਦੇਸ਼ ਵਿਚ ਇਕੋ ਹੀ ਸਲੇਬਸ ਲਾਗੂ ਕੀਤਾ ਜਾਵੇ ਜਿਸ ਵਿਚ ਸੁਤੰਤਰਤਾ ਦੀ ਲੜਾਈ, ਸੰਵਿਧਾਨਿਕ ਜ਼ਿੰਮੇਵਾਰੀਆਂ, ਰਾਸ਼ਟਰੀ ਏਕਤਾ, ਚਰਿਤਰ ਨਿਰਮਾਣ ਆਦਿ ਸ਼ਾਮਲ ਕੀਤੇ ਜਾਣ।
4. ਵਿਦਿਆ ਦੇ ਇਕੋ ਜਿਹੇ ਮੌਕੇ ਸਾਰੇ ਭਾਰਤੀਆਂ ਨੂੰ ਉਪਲਬਧ ਕਰਵਾਏ ਜਾਣ।
5. ਵਿਗਿਆਨ ਅਤੇ ਟੈਕਨਾਲੋਜੀ ਦੀ ਸਿੱਖਿਆ ਨੂੰ ਮਜ਼ਬੂਤ ਕੀਤਾ ਜਾਵੇ।
6. ਜੀਵਨ ਪ੍ਰਯੰਤ ਸਿੱਖਿਆ ਦਾ ਨਾਹਰਾ ਅਮਲ ਵਿਚ ਲਿਆਉਣ ਲਈ ਸਾਧਨ ਮੁਹੱਈਆ ਕੀਤੇ ਜਾਣ।

7. ਸਿੱਖਿਆ ਦਾ ਵਿਸ਼ਾ ਸਮਵਰਤੀ ਸੂਚੀ (Concurrent List) ਤੇ ਰਹੇਗਾ ਤੇ ਕੇਂਦਰੀ ਸਰਕਾਰ ਪਹਿਲਾਂ ਨਾਲੋਂ ਵੱਧ ਜ਼ਿੰਮੇਵਾਰੀ ਕੌਮੀ ਏਕਤਾ, ਚਰਿਤਰ ਨਿਰਮਾਣ ਤੇ ਸਿੱਖਿਆ ਦੇ ਮਿਆਰਾਂ ਨੂੰ ਉੱਚਾ ਕਰਨ ਵਾਲੇ ਪ੍ਰੋਗਰਾਮਾਂ ਵਿਚ ਨਿਭਾਏਗਾ।
8. ਨਵੀਂ ਨੀਤੀ ਵਿਦਿਅਕ ਅਸਮਾਨਤਾਵਾਂ ਨੂੰ ਦੂਰ ਕਰਨ ਤੇ ਜ਼ੋਰ ਦਿੰਦੀ ਹੈ।
9. ਸਿੱਖਿਆ ਦੇ ਬਹੁਤ ਸਾਰੇ ਪ੍ਰੋਗਰਾਮ ਕੇਵਲ ਔਰਤਾਂ ਦੀ ਸਿੱਖਿਆ ਨੂੰ ਉੱਨਤ ਕਰਨ ਲਈ ਉਲੀਕੇ ਜਾਣਗੇ। ਕਿੱਤਾ ਅਤੇ ਵਿਵਸਾਇਕ ਕੋਰਸਾਂ ਵਿਚ ਔਰਤਾਂ ਦੀ ਸਿੱਖਿਆ ਲਈ ਵਧੇਰੇ ਜ਼ੋਰਦਾਰ ਉਪਰਾਲੇ ਕੀਤੇ ਜਾਣਗੇ।
10. ਪੱਛੜੇ ਵਰਗਾਂ ਦੀ ਸਿੱਖਿਆ ਸਰਕਾਰ ਦੀ ਉਚੇਰੀ ਜ਼ਿੰਮੇਵਾਰੀ ਰਹੇਗੀ।
11. ਬਾਲਗ ਸਿੱਖਿਆ ਦੇ ਪ੍ਰੋਗਰਾਮ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। 15–35 ਸਾਲ ਦੇ ਉਮਰ ਜੁੱਟ ਦੇ ਬਾਲਗਾਂ ਵਿਚ ਅਨਪੜ੍ਹਤਾ ਸਮਾਪਤ ਕੀਤੀ ਜਾਵੇਗੀ।
12. ਨਿੱਕੇ ਬੱਚਿਆਂ ਦੀ ਸਿੱਖਿਆ ਨੂੰ ਆਧੁਨਿਕ ਬਣਾਇਆ ਜਾਵੇਗਾ। ਉਹਨਾਂ ਦੇ ਭੋਜਨ, ਸਿਹਤ ਤੇ ਮਨੋਵਿਗਿਆਨਕ ਵਿਕਾਸ ਉੱਤੇ ਜ਼ੋਰ ਦਿੱਤਾ ਜਾਵੇਗਾ।
13. ਸਥਾਨਕ ਸਮਾਜ ਨੂੰ ਸਿੱਖਿਆ ਕੰਮਾਂ ਵਿਚ ਸਹਿਯੋਗੀ ਬਣਾਇਆ ਜਾਵੇਗਾ।
14. ਪ੍ਰਾਇਮਰੀ ਸਿੱਖਿਆ ਨੂੰ ਵਿਆਪਕ ਬਣਾਉਣ ਦੇ ਯਤਨਾਂ ਦਾ ਪ੍ਰਸਾਰ ਕਰਦੇ ਹੋਏ ਸਿੱਖਿਆ ਦੇ ਗੁਣਾਂ ਨੂੰ ਹੋਰ ਵੀ ਵਧਾਇਆ ਜਾਵੇਗਾ। ਗੈਰ ਰਸਮੀ ਸਿੱਖਿਆ ਦੇ ਵਧੇਰੇ ਪ੍ਰੋਗਰਾਮ ਚਾਲੂ ਕੀਤੇ ਜਾਣਗੇ।
15. ਨਵੀਂ ਨੀਤੀ ਹਰ ਸੰਭਵ ਯਤਨ ਕਰੇਗੀ ਕਿ ਸਕੂਲਾਂ ਵਿਚੋਂ ਬੱਚੇ ਕਿਰ ਨਾ ਜਾਣ। 1995 ਤੱਕ ਸਾਰੇ ਬੱਚਿਆਂ (6–14) ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਮੁਹੱਈਆ ਕਰਨ ਦਾ ਸਰਕਾਰ ਦ੍ਰਿੜ੍ਹ ਨਿਸ਼ਚਾ ਕਰਦੀ ਹੈ।
16. ਹੋਣਹਾਰ ਅਤੇ ਪ੍ਰਭਾਵਸ਼ਾਲੀ ਬੱਚਿਆਂ ਦੀ ਪਛਾਣ ਲਈ ਤੇ ਉਨ੍ਹਾਂ ਦੇ ਵਿਕਾਸ ਲਈ ਸਰਕਾਰ ਸਾਰੇ ਦੇਸ਼ ਵਿਚ ਕੁੱਝ ਉਚੇਚੇ ਸਕੂਲ ਖੋਹਲੇਗੀ। ਪਿੰਡਾਂ ਵਿਚ ਨਵੋਦਿਆ ਸਕੂਲ, ਜੋ ਰਿਹਾਇਸ਼ੀ ਹੋਣਗੇ, ਖੋਲ੍ਹੇ ਜਾਣਗੇ।
17. ਸਿੱਖਿਆ ਦਾ ਪੂਰੀ ਤਰ੍ਹਾਂ ਕਿੱਤਾਕਰਨ ਕੀਤਾ ਜਾਵੇਗਾ। 1990 ਤੱਕ 10% ਸੈਕੰਡਰੀ ਸਕੂਲਾਂ ਨੂੰ ਕਿੱਤਾ ਸਕੂਲਾਂ ਵਿਚ ਅਤੇ 1995 ਨੂੰ ਕਿੱਤਾ ਸਕੂਲਾਂ ਵਿਚ ਬਦਲਿਆ ਜਾਵੇਗਾ।
18. 160 ਯੂਨੀਵਰਸਿਟੀਆਂ ਤੇ 550 ਕਾਲਜਾਂ ਨੂੰ ਮਜ਼ਬੂਤ ਕੀਤਾ ਜਾਵੇਗਾ ਤੇ ਸਿੱਖਿਆ ਮਿਆਰਾਂ ਨੂੰ ਡਿੱਗਣ ਤੋਂ ਰੋਕਿਆ ਜਾਵੇਗਾ, ਨਵੇਂ ਲਾਹੇਵੰਦ ਕੋਰਸ ਸ਼ੁਰੂ ਕੀਤੇ ਜਾਣਗੇ।
19. ਓਪਨ ਯੂਨੀਵਰਸਿਟੀਆਂ, ਪੱਤਰ–ਵਿਹਾਰ ਸਿੱਖਿਆ, ਪੇਂਡੂ ਯੂਨੀਵਰਸਿਟੀਆਂ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਜਾਵੇਗਾ।
20. ਕੁਝ ਚੋਣਵੇਂ ਖੇਤਰਾਂ ਵਿਚ ਡਿਗਰੀਆਂ ਨੂੰ ਨੌਕਰੀਆਂ ਤੋਂ ਅੱਡ ਕੀਤਾ ਜਾਵੇਗਾ।
21. ਨਵੀਂ ਨੀਤੀ ਇਹ ਨਿਸ਼ਚਿਤ ਕਰੇਗੀ ਕਿ ਸਾਰੇ ਅਧਿਆਪਕ ਪੜ੍ਹਾਉਣ ਤੇ ਸਾਰੇ ਵਿਦਿਆਰਥੀ ਅਧਿਐਨ ਕਰਨ, ਸਰਕਾਰ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆਂ ਕਰਵਾਏਗੀ।
22. ਵਿਦਿਆਰਥੀਆਂ ਵਿਚ ਨੈਤਿਕਤਾ ਅਤੇ ਉਚੇਰੀਆਂ ਕੀਮਤਾਂ ਪੈਦਾ ਕਰਨ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ।
23. ਭਾਰਤੀ ਭਾਸ਼ਾਵਾਂ ਦੇ ਵਿਕਾਸ ਲਈ ਹਰ ਢੁਕਵੇਂ ਉਪਰਾਲੇ ਕੀਤੇ ਜਾਣਗੇ।
24. ਸਸਤੀਆਂ ਪਰ ਸੋਹਣੀਆਂ ਠੋਸ ਤੇ ਸਹੀ ਸਮੱਗਰੀ ਨਾਲ ਭਰੀਆਂ ਪੁਸਤਕਾਂ ਤਿਆਰ ਕਰਨ ਦੇ ਯਤਨ ਕੀਤੇ ਜਾਣਗੇ। ਵਿਦਿਆਰਥੀਆਂ ਵਿਚ ਪੜ੍ਹਨ ਦੀ ਆਦਤ ਵਿਕਸਿਤ ਕੀਤੀ ਜਾਵੇਗੀ।

25. ਲਾਹੇਵੰਦ ਜਾਣਕਾਰੀ ਦੇ ਸੰਚਾਰ ਲਈ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ।
26. ਹੱਥ ਦੇ ਕੰਮ, ਖੇਡਾਂ ਤੇ ਸਰੀਰਕ ਸਿੱਖਿਆ ਨੂੰ ਪਹਿਲ ਦਿੱਤੀ ਜਾਵੇਗੀ।
27. ਪਰੀਖਿਆ ਪੱਧਤੀ ਵਿਚ ਸੱਚਮੁੱਚ ਹੀ ਠੋਸ ਸੁਧਾਰ ਕੀਤਾ ਜਾਵੇਗਾ।
28. ਅਧਿਆਪਕਾ ਦੀ ਪ੍ਰਤੀਸ਼ਤਾ ਨਿਸ਼ਚਿਤ ਕਰਨ ਦਾ ਹਰ ਉਪਰਾਲਾ ਕੀਤਾ ਜਾਵੇਗਾ।
29. ਭਾਰਤੀ ਸਿੱਖਿਆ ਸੇਵਾ ਦਾ ਆਰੰਭ ਕੀਤਾ ਜਾਵੇਗਾ ਤਾਂ ਜੋ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕੀਤਾ ਜਾ ਸਕੇ।
30. ਪ੍ਰਾਇਮਰੀ ਏਜੰਸੀਆਂ ਦਾ ਸਿੱਖਿਆ ਦੇ ਵਿਕਾਸ ਵਿਚ ਵੱਧ ਤੋਂ ਵੱਧ ਸਹਿਯੋਗ ਪ੍ਰਾਪਤ ਕੀਤਾ ਜਾਵੇਗਾ।
31. ਸਿੱਖਿਆ ਦੇ ਮਹਾਨ ਕੰਮ ਨੂੰ ਨੇਪਰੇ ਚਾੜ੍ਹਨ ਲਈ ਲੋੜੀਂਦਾ ਧਨ ਮੁਹੱਈਆ ਕੀਤਾ ਜਾਵੇਗਾ।
32. ਨਵੀਂ ਨੀਤੀ ਨੂੰ ਅਮਲ ਵਿਚ ਲਿਆਉਣ ਤੇ ਇਸ ਦੇ ਸਿੱਟਿਆਂ ਦੀ ਸਮੀਖਿਆ ਕਰਨ ਲਈ ਇਕ ਮਸ਼ੀਨਰੀ ਕਾਇਮ ਕੀਤੀ ਜਾਵੇਗੀ।
33. ਪੰਜ ਸਾਲਾਂ ਮਗਰੋਂ ਇਸ ਨੀਤੀ ਦੀ ਸਮੀਖਿਆ ਕੀਤੀ ਜਾਵੇਗੀ।

## 2.2.5 1986 ਦੀ ਸਿੱਖਿਆ ਨੀਤੀ ਦਾ ਵਿਰੋਧ ਅਤੇ ਇਸ ਦੀ ਸੋਧ

ਇਸ ਸਿੱਖਿਆ ਨੀਤੀ ਦਾ ਵਿਰੋਧ ਵੀ ਬੜੀ ਤਕੜਾਈ ਨਾਲ ਸਿਆਸੀ ਪੱਧਰ ਤੇ ਹੋਣ ਲੱਗਾ। ਦੇਸ਼ ਦੇ 6 ਰਾਜਾਂ ਵਿਚ ਜਿਥੇ ਗੈਰ ਕਾਂਗਰਸੀ ਹਕੂਮਤਾਂ ਸਨ, ਇਸ ਨੀਤੀ ਬਾਰੇ ਸੰਦੇਹ ਦਾ ਪ੍ਰਗਟਾਵਾ ਹੋਇਆ। ਵਿਰੋਧੀ ਪਾਰਟੀਆਂ ਨੇ ਇਕ ਸਰਬ ਹਿੰਦ ਸਿੱਖਿਆ ਬਚਾਉ ਕਮੇਟੀ ਦਾ ਗਠਨ ਕੀਤਾ। ਇਹ ਕਮੇਟੀ 1986 ਤੋਂ ਹੀ ਨਵੀਂ ਸਿੱਖਿਆ ਨੀਤੀ ਦਾ ਵਿਰੋਧ ਕਰ ਰਹੀ ਹੈ। ਮਈ 1989 ਵਿਚ ਇਸ ਕਮੇਟੀ ਨੇ ਇਕ ਸਮਾਗਮ ਕਲਕੱਤੇ ਵਿਚ ਕੀਤਾ ਜਿਸ ਵਿਚ ਕੁਝ ਸੰਕਲਪਾਂ ਨੂੰ ਪਾਸ ਕੀਤਾ ਗਿਆ ਅਤੇ ਇਹ ਫੈਸਲਾ ਕੀਤਾ ਗਿਆ ਕਿ ਦੇਸ਼ ਵਾਸੀਆਂ ਦੇ ਲੱਖਾਂ-ਕਰੋੜਾਂ ਦਸਤਖਤ ਕਰਵਾ ਕੇ ਇਕ ਯਾਦ-ਪੱਤਰ ਲੋਕ ਸਭਾ ਤੇ ਸਪੀਕਰ ਰਾਹੀਂ ਸਰਕਾਰ ਨੂੰ ਦਿੱਤਾ ਜਾਵੇ, ਜਿਸ ਰਾਹੀਂ ਨਵੀਂ ਸਿੱਖਿਆ ਨੀਤੀ 1986 ਦਾ ਵਿਰੋਧ ਕੀਤਾ ਜਾਵੇ।

9 ਅਗਸਤ, 1989 ਨੂੰ ਕਮੇਟੀ ਦੇ ਪ੍ਰਧਾਨ, ਸੁਪਰੀਮ ਕੋਰਟ ਦੇ ਪੁਰਾਣੇ ਜੱਜ ਦੇ ਪ੍ਰਸਿੱਧ ਵਿਚਾਰਕ ਸ੍ਰੀ ਵੀ. ਆਰ. ਕ੍ਰਿਸ਼ਨਾ ਆਇਰ ਨੇ ਕਲਕੱਤੇ ਵਿਚ ਐਲਾਨ ਕੀਤਾ ਕਿ 1986 ਵਾਲਾ ਸਿੱਖਿਆ ਨੀਤੀ ਉਦਾਰਵਾਦੀ ਲੋਕਤੰਤਰੀ ਸਿੱਖਿਆ ਉੱਤੇ ਹਮਲਾ ਹੈ। ਇਹ ਨੀਤੀ ਪ੍ਰਾਇਮਰੀ ਸਿੱਖਿਆ ਨੂੰ ਵਿਆਪਕ ਬਣਾਉਣ ਵਿਚ ਅਸਫਲ ਰਹੀ ਹੈ ਤੇ ਅਨਪੜ੍ਹਤਾ ਨੂੰ ਖਤਮ ਨਹੀਂ ਕਰ ਸਕੀ, ਦੇਸ਼ ਵਿਚ ਬੇਕਾਰੀ ਵੱਧ ਰਹੀ ਹੈ ਤੇ ਸਿੱਖਿਆ ਸਭਿਆਚਾਰਕ ਰੂਪ ਧਾਰਨ ਕਰ ਰਹੀ ਹੈ। ਇਸ ਲਈ ਆਪਣੇ ਯਾਦ ਪੱਤਰ ਰਾਹੀਂ ਜਿਸ ਉੱਤੇ ਕਰੋੜਾਂ ਲੋਕਾਂ ਦੇ ਦਸਤਖਤ ਹੋਣਗੇ, ਮੰਗ ਕਰਾਂਗੇ ਕਿ 1986 ਵਾਲੀ ਨੀਤੀ ਨੂੰ ਵਾਪਸ ਲੈ ਲਿਆ ਜਾਵੇ ਅਤੇ ਇਕ ਨਵੀਂ ਨੀਤੀ ਨੂੰ ਜਿਸ ਦਾ ਖਰੜਾ ਅਸੀਂ ਤਿਆਰ ਕੀਤਾ ਹੈ, ਅਮਲ ਵਿੱਚ ਲਿਆਂਦਾ ਜਾਵੇ। ਸ੍ਰੀ ਆਇਰ ਆਪਣੀ ਨੀਤੀ ਨੂੰ 1986 ਵਾਲੀ ਨੀਤੀ ਦਾ ਬਦਲ ਦੱਸਦੇ ਹਨ। ਇਸ ਨਵੇਂ ਬਦਲ ਨੂੰ ਅੰਤਿਮ ਰੂਪ ਨਹੀਂ ਦਿਤਾ ਗਿਆ, ਪਰ ਇਸ ਦੇ ਮੁੱਖ ਅੰਸ਼ ਇਸ ਪ੍ਰਕਾਰ ਹਨ :

1. ਪ੍ਰਾਇਮਰੀ ਸਿੱਖਿਆ (ਪਹਿਲੀ ਤੋਂ ਅੱਠਵੀਂ ਜਮਾਤ) ਵਿਆਪਕ ਹੋਵੇਗੀ। 6-14 ਸਾਲ ਦੀ ਉਮਰ ਜੁੱਟ ਦੇ ਸਾਰੇ ਬੱਚੇ ਲਾਜ਼ਮੀ ਤੌਰ ਤੇ ਸਕੂਲਾਂ ਵਿਚ ਲਿਆਂਦੇ ਜਾਣਗੇ। ਇਸ ਵੇਲੇ 6-11 ਜੁੱਟ ਦੇ 98% ਅਤੇ 11-14 ਜੁੱਟ ਦੇ 50% ਬੱਚੇ ਹੀ ਸਕੂਲਾਂ ਵਿਚ ਹਨ ਅਤੇ ਉਹਨਾਂ ਹਰ 100 ਬੱਚਿਆਂ ਵਿਚੋਂ ਜਿਹੜੇ ਪ੍ਰਾਇਮਰੀ ਸਿੱਖਿਆ ਵਿਚ ਪ੍ਰਵੇਸ਼ ਲੈਂਦੇ ਹਨ ਕੇਵਲ 24 ਬੱਚੇ ਅੱਠਵੀਂ ਜਮਾਤ ਤੱਕ ਪਹੁੰਚਦੇ ਹਨ, 76 ਬੱਚੇ ਰਸਤੇ ਵਿਚ ਹੀ ਝੜ ਜਾਂਦੇ ਹਨ।
2. ਸੈਕੰਡਰੀ ਸਿੱਖਿਆ ਗਿਆਨ ਅਤੇ ਖੋਜ ਦਾ ਆਧਾਰ ਬਣੇਗੀ।
3. ਉਚੇਰੀ ਵਿਦਿਆ ਹਰ ਕਿਸੇ ਨੂੰ ਪ੍ਰਾਪਤ ਹੋ ਸਕੇਗੀ, ਕਿਸੇ ਬੱਚੇ ਨੂੰ ਵੀ ਹਾਈ ਸਕੂਲ ਤੱਕ ਪਹੁੰਚਣ ਲਈ ਇਕ ਕਿਲੋਮੀਟਰ ਤੋਂ ਵੱਧ ਤੁਰਨਾ ਨਹੀਂ ਪਵੇਗਾ। ਸਕੂਲਾਂ ਵਿਚ ਸਾਰੀਆਂ

ਭੌਤਿਕ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ।

4. ਸਕੂਲਾਂ ਵਿਚ ਵਿਗਿਆਨਕ ਰੁਝਾਨ ਪੈਦਾ ਕੀਤਾ ਜਾਵੇਗਾ ਅਤੇ ਸਿੱਖਿਆ ਧਰਮ ਨਿਰਪੱਖ ਹੋਵੇਗੀ।
5. ਸਿੱਖਿਆ ਬੋਰਡ ਅਤੇ ਯੂਨੀਵਰਸਿਟੀਆਂ ਪੂਰੀ ਤਰ੍ਹਾਂ ਖੁਦ-ਮੁਖਤਿਆਰ ਹੋਣਗੀਆਂ।
6. ਖੋਜ ਨੂੰ ਮਜ਼ਬੂਤ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦਾ ਪ੍ਰਬੰਧ ਹੋਵੇਗਾ।
7. ਸਿੱਖਿਆ ਪ੍ਰਣਾਲੀ ਵਿਚੋਂ ਡਰ ਅਤੇ ਨਿਰਾਸ਼ਾ ਸਮਾਪਤ ਕਰ ਦਿੱਤੇ ਜਾਣਗੇ।
8. ਪਹਿਲੀ ਵਾਰ ਇਕ ਆਦਰਸ਼ ਨੀਤੀ ਦੇਸ਼ ਦੇ ਸਾਹਮਣੇ ਆਏਗੀ, ਸਿੱਖਿਆ ਦਾ ਸਾਰਾ ਖਰਚ ਸਰਕਾਰ ਝੱਲੇਗੀ।

ਵਿਰੋਧ ਦੇ ਬਾਵਜੂਦ 1986 ਵਾਲੀ ਨੀਤੀ ਨੂੰ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਪਰੰਤੂ ਦੇਸ਼ ਦੇ ਸਾਹਮਣੇ ਸਿੱਖਿਆ ਨਾਲੋਂ ਵੀ ਵੱਧ ਜ਼ਰੂਰੀ ਸਮੱਸਿਆਵਾਂ ਸਨ, ਜਿਸ ਕਰਕੇ ਸਿੱਖਿਆ ਵਿੱਚ ਸੁਧਾਰਾਂ ਦੀ ਗਤੀ ਮੱਠੀ ਹੀ ਸੀ। ਰਾਜੀਵ ਗਾਂਧੀ ਨੌਜਵਾਨ ਪ੍ਰਧਾਨ ਮੰਤਰੀ ਸਨ। ਉਹ ਸਿੱਖਿਆ ਦੀ ਪੈਸੰਜਰ ਟਰੇਨ ਨੂੰ ਮੇਲ ਟਰੇਨ ਦਾ ਰੂਪ ਦੇਣਾ ਚਾਹੁੰਦੇ ਸਨ, ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਕਾਂਗਰਸ ਸਰਕਾਰ ਟੁੱਟ ਗਈ। ਵੀ.ਪੀ. ਸਿੰਘ ਦੀ ਸਰਕਾਰ ਨੇ ਦੇਸ਼ ਦੀ ਵਾਗਡੋਰ ਸੰਭਾਲੀ।

ਹਰ ਨਵੀਂ ਸਰਕਾਰ ਦੇਸ਼ ਦੀ ਨਵੀਂ ਸਿੱਖਿਆ ਨੀਤੀ ਦੇਣ ਦਾ ਐਲਾਨ ਕਰਦੀ ਹੈ। ਜਦੋਂ ਇੰਦਰਾ ਦੀ ਸਰਕਾਰ ਟੁੱਟੀ ਸੀ ਤੇ ਮੁਰਾਰਜੀ ਦੇਸਾਈ ਦੀ ਜਨਤਾ ਦਲ ਸਰਕਾਰ ਬਣੀ ਸੀ, ਉਦੋਂ ਵੀ 1979 ਵਿਚ ਨਵੀਂ ਸਿੱਖਿਆ ਨੀਤੀ ਦਾ ਖਰੜਾ ਸੰਸਦ ਵਿਚ ਪੇਸ਼ ਕੀਤਾ ਗਿਆ ਸੀ। ਪਰੰਤੂ ਸਰਕਾਰ ਦੇ ਟੁੱਟਣ ਕਰਕੇ 1979 ਵਾਲੀ ਸਿੱਖਿਆ ਨੀਤੀ ਖਰੜਾ ਹੀ ਬਣ ਕੇ ਰਹਿ ਗਈ ਸੀ। ਇਸੇ ਤਰ੍ਹਾਂ ਵੀ.ਪੀ. ਸਿੰਘ ਸਰਕਾਰ ਨੇ ਵੀ 1986 ਵਾਲੀ ਸਿੱਖਿਆ ਨੀਤੀ ਦਾ ਵਿਰੋਧ ਕੀਤਾ ਅਤੇ ਅਚਾਰੀਆ ਰਾਮਾ ਮੂਰਤੀ (Acharya Rama Murti) ਸਮੀਖਿਆ ਕਮੇਟੀ ਇਸ ਨੀਤੀ ਦੀ ਘੋਖ ਕਰਨ ਲਈ ਬਣਾਈ। ਅਚਾਰੀਆ ਰਾਮਾ ਪੂਰਤੀ ਸਮੀਖਿਆ ਕਮੇਟੀ ਅਜੇ ਆਪਣੀ ਰਿਪੋਰਟ ਲਿਖ ਹੀ ਰਹੀ ਸੀ ਕਿ ਵੀ.ਪੀ. ਸਿੰਘ ਦੀ ਸਰਕਾਰ ਟੁੱਟ ਗਈ ਅਤੇ ਸ੍ਰੀ ਚੰਦਰ ਸ਼ੇਖਰ ਦੀ ਸਰਕਾਰ ਨੇ ਸੱਤਾ ਸੰਭਾਲੀ। ਰਾਮਾ ਮੂਰਤੀ ਕਮੇਟੀ ਨੇ ਆਪਣੀ ਰਿਪੋਰਟ ਦਸੰਬਰ 1990 ਵਿਚ ਚੰਦਰ ਸ਼ੇਖਰ ਸਰਕਾਰ ਨੂੰ ਪੇਸ਼ ਕੀਤੀ।

ਮੰਦਭਾਗਾਂ ਨੂੰ ਸ੍ਰੀ ਰਾਜੀਵ ਗਾਂਧੀ ਦਾ ਕਤਲ ਕਰ ਦਿੱਤਾ ਗਿਆ। ਦੇਸ਼ ਵਿਚ ਨਰਸਿਮ੍ਹਾ ਰਾਉ ਦੀ ਸਰਕਾਰ ਬਣੀ। ਕਾਂਗਰਸ ਸਰਕਾਰ ਹੋਣ ਕਰਕੇ ਰਾਉ ਸਰਕਾਰ ਰਾਜੀਵ ਵੱਲੋਂ ਬਣਾਈ 1986 ਦੀ ਨੀਤੀ ਨੂੰ ਹੀ ਬਹਾਲ ਕਰਨਾ ਚਾਹੁੰਦੀ ਸੀ। ਪਰੰਤੂ ਸੰਸਦ ਦੇ ਸਾਹਮਣੇ ਆਚਾਰੀਆ ਰਾਮਾ ਮੂਰਤੀ ਸਮੀਖਿਆ ਕਮੇਟੀ ਦੀ ਰਿਪੋਰਟ ਵਿਚਾਰ ਅਧੀਨ ਸੀ।

ਸਰਕਾਰ ਦੇ ਕਹਿਣ ਤੇ ਕੇਂਦਰੀ ਸਲਾਹਕਾਰ ਸਿੱਖਿਆ ਬੋਰਡ (CABE) ਨੇ ਰਾਮਾ ਮੂਰਤੀ ਦੀ ਰਿਪੋਰਟ, 1986 ਦੀ ਸਿੱਖਿਆ ਨੀਤੀ ਅਤੇ ਭਾਰਤ ਦੇ ਵਰਤਮਾਨ ਹਾਲਾਤ ਦਾ ਜਾਇਜਾ ਲੈਣ ਲਈ ਜਨਾਰਦਾਨ ਰੈਡੀ ਕਮੇਟੀ ਮੁਕੱਰਰ ਕੀਤੀ।

ਜਨਾਰਦਾਨ ਰੈਡੀ ਕਮੇਟੀ ਨੇ ਜਨਵਰੀ, 1992 ਵਿਚ ਆਪਣੀ ਰਿਪੋਰਟ ਰਾਉ ਸਰਕਾਰ ਨੂੰ ਪੇਸ਼ ਕੀਤੀ। ਇਸ ਰਿਪੋਰਟ ਨੂੰ ਸੰਸਦ (Parliament) ਨੇ ਵਿਚਾਰਿਆ। 1986 ਵਾਲੀ ਨੀਤੀ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਅਤੇ ਜੁਲਾਈ 1992 ਨੂੰ 1986 ਵਾਲੀ ਨੀਤੀ ਦਾ ਸੋਧਿਆ ਰੂਪ ਕੌਮੀ ਨੀਤੀ ਵੱਜੋਂ ਦੇਸ਼ ਦੇ ਸਾਹਮਣੇ ਆਇਆ।

ਜਨਾਰਦਨ ਕਮੇਟੀ ਦੀਆਂ ਸਿਫਾਰਸ਼ਾਂ ਦਾ ਸੰਖੇਪ ਹੇਠਾਂ ਪੇਸ਼ ਕੀਤਾ ਜਾਂਦਾ ਹੈ :

1. ਪ੍ਰਾਇਮਰੀ ਸਿੱਖਿਆ ਨੂੰ ਸਰਵ ਵਿਆਪੀ ਬਣਾਇਆ ਜਾਵੇ। 6-14 ਸਾਲ ਦੇ ਸਾਰੇ ਬੱਚਿਆਂ ਦੇ ਨਾਂ ਰਜਿਸਟਰ ਕੀਤੇ ਜਾਣ ਅਤੇ ਉਨ੍ਹਾਂ ਨੂੰ ਜਬਰਨ 8 ਸਾਲ ਦੀ ਸਿੱਖਿਆ ਦਿੱਤੀ ਜਾਵੇ। ਦੇਸ਼ ਦੇ ਸਾਰੇ ਪਿੰਡਾਂ ਵਿਚ ਸਕੂਲ ਖੋਹਲੇ ਜਾਣ ਅਤੇ ਕਿਸੇ ਵੀ ਬੱਚੇ ਨੂੰ ਸਕੂਲ ਜਾਣ ਲਈ

ਇਕ ਕਿਲੋਮੀਟਰ ਤੋਂ ਵੱਧ ਫਾਸਲਾ ਨਾ ਟੁਰਨਾ ਪਵੇ।

2. ਗੈਰ ਰਸਮੀ ਸਿੱਖਿਆ ਦੇ ਪ੍ਰੋਗਰਾਮ ਨੂੰ ਵੀ ਸਹੀ ਪੈਮਾਨੇ ਤੇ ਫੈਲਾਇਆ ਜਾਵੇ ਤਾਂ ਜੋ ਜਿਹੜੇ ਬੱਚੇ ਕੁਝ ਕਾਰਨਾਂ ਕਰਕੇ ਸਕੂਲ ਛੱਡ ਗਏ ਹਨ ਜਾਂ ਸਕੂਲ ਨਹੀਂ ਜਾ ਸਕੇ ਅਨਪੜ੍ਹ ਰਹਿ ਗਏ ਹਨ, ਉਨ੍ਹਾਂ ਨੂੰ ਪ੍ਰਾਇਮਰੀ ਸਿੱਖਿਆ ਦਾ ਲਾਭ ਪਹੁੰਚਾਇਆ ਜਾ ਸਕੇ।

3. ਕਮੇਟੀ ਨੇ ਸਕੂਲ ਦਾਖਲ ਹੋਣ ਤੋਂ ਬਾਅਦ ਬਿਨਾਂ ਅੱਠਵੀਂ ਤੱਕ ਪੜ੍ਹਿਆ ਸਕੂਲ ਛੱਡ ਜਾਣ ਵਾਲੇ ਬੱਚਿਆਂ ਦੀ ਵੱਧਦੀ ਗਿਣਤੀ ਬਾਰੇ ਚਿੰਤਾ ਜਾਹਰ ਕਰਦਿਆਂ ਕਿਹਾ ਹੈ ਕਿ 1 ਤੋਂ 5 ਤੱਕ ਦੀਆਂ ਜਮਾਤਾਂ ਵਿਚਲੇ, ਡਰਾਪ ਆਊਟ ਡੋਰ ਦੀ ਦਰ ਨੂੰ 45% ਤੋਂ ਘਟਾ ਕੇ 20% ਤੱਕ ਅਤੇ ਮਿਡਲ ਜਮਾਤਾਂ ਛੇਵੀਂ ਤੋਂ ਅੱਠਵੀਂ ਤੱਕ ਦੀਆਂ 60% ਤੋਂ ਘਟਾ ਕੇ 40% ਲਿਆਂਦਾ ਜਾਵੇ। ਜਦੋਂ ਤੱਕ ਪ੍ਰਾਇਮਰੀ ਸਿੱਖਿਆ ਵਿਚ ਵਰਤਮਾਨ 55% ਡਰਾਪ ਆਊਟ ਰੇਟ ਨੂੰ ਰੋਕਿਆ ਨਹੀਂ ਜਾਂਦਾ ਪ੍ਰਾਇਮਰੀ ਸਿੱਖਿਆ ਕਦੇ ਸਫਲ ਨਹੀਂ ਹੋ ਸਕਦੀ। ਜੇ ਇਸੇ ਤਰ੍ਹਾਂ ਬੱਚੇ ਪੜ੍ਹਾਈ ਤੋਂ ਦੌੜਦੇ ਰਹੇ , ਕਾਰਨ ਚਾਹੇ ਕੁਝ ਵੀ ਹੋਵੇ, ਨਾ ਦੇਸ਼ ਦੀ ਆਰਥਿਕ ਸਥਿਤੀ ਵਿਚ ਸੁਧਾਰ ਲਿਆਂਦਾ ਜਾ ਸਕਦਾ ਹੈ, ਨਾ ਦੇਸ਼ ਵਿਚੋਂ ਅਨਪੜ੍ਹਤਾ ਅਤੇ ਬੇਰੁਜ਼ਗਾਰੀ ਆਦਿ ਬਿਮਾਰੀਆਂ ਤੇ ਕਾਬੂ ਪਾਇਆ ਜਾ ਸਕਦਾ ਹੈ।

ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਪ੍ਰਾਇਮਰੀ ਸਿੱਖਿਆ ਦੀ ਦੇਖ-ਰੇਖ ਲਈ ਸਥਾਨਕ ਕਮੇਟੀਆਂ ਬਣਾਈਆਂ ਜਾਣ ਜੋ ਇਹ ਨਿਸ਼ਚਿਤ ਕਰਨ ਕਿ ਪ੍ਰਾਇਮਰੀ ਸਕੂਲਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆਂ ਕੀਤੀਆਂ ਜਾਣ ਅਤੇ ਅਧਿਆਪਕ ਆਪਣਾ ਫਰਜ਼ ਜ਼ਿੰਮੇਵਾਰੀ ਨਾਲ ਨਿਭਾਉਣ। ਇਨ੍ਹਾਂ ਕਮੇਟੀਆਂ ਵਿਚ ਵੱਡੀ ਗਿਣਤੀ ਮਹਿਲਾ ਮੈਂਬਰਾਂ ਅਤੇ ਮਹਿਲਾਂ ਅਧਿਆਪਕਾਂ ਦੀ ਹੋਵੇ। ਕਮੇਟੀ ਦਾ ਇਹ ਸੁਝਾਅ ਨਵਾਂ ਹੈ ਅਤੇ ਵਿਵਹਾਰਕ ਨਜ਼ਰ ਆਉਂਦਾ ਹੈ। ਕਮੇਟੀ ਨੇ ਇਹ ਵੀ ਕਿਹਾ ਹੈ ਕਿ ਇਨ੍ਹਾਂ ਕਮੇਟੀਆਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਨ੍ਹਾਂ ਨੂੰ ਕੁਝ ਕੁ ਅਧਿਕਾਰ ਵੀ ਦਿੱਤੇ ਜਾਣ ਅਤੇ ਇਨ੍ਹਾਂ ਕਮੇਟੀਆਂ ਦੇ ਕੰਮ ਨੂੰ ਅਸਰਦਾਰ ਬਣਾਉਣ ਲਈ ਜਿਲ੍ਹਾ ਪੱਧਰ ਤੇ ਨਿਰੀਖਕ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇ।

4. ਰੈਡੀ ਕਮੇਟੀ ਦਾ ਸਭ ਤੋਂ ਇਨਕਲਾਬੀ ਸੁਝਾਅ ਇਹ ਹੈ ਕਿ ਪ੍ਰਾਇਮਰੀ ਸਿੱਖਿਆ ਨੂੰ ਬਾਲਗ ਸਿੱਖਿਆ ਨਾਲ ਜੋੜਿਆ ਜਾਵੇ ਜਿਵੇਂ ਕਿ ਚੀਨ ਵਿਚ ਕੀਤਾ ਗਿਆ ਹੈ। ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਜਦੋਂ ਤੱਕ ਪ੍ਰਾਇਮਰੀ ਸਿੱਖਿਆ ਅਤੇ ਬਾਲਗ ਸਿੱਖਿਆ ਦੇ ਪ੍ਰੋਗਰਾਮ ਅੱਡੋ-ਅੱਡਰੇ ਪ੍ਰਸ਼ਾਸਕਾਂ ਅਧੀਨ ਰਹਿਣਗੇ, ਪ੍ਰਾਇਮਰੀ ਸਿੱਖਿਆ ਕੇਵਲ ਬਾਲਗ ਸਿੱਖਿਆ ਲਈ ਅਨਪੜ੍ਹ ਪੈਦਾ ਕਰਨ ਵਿਚ ਹੀ ਸਹਾਈ ਹੋਵੇਗੀ। ਕਮੇਟੀ ਦਾ ਅਜਿਹਾ ਸੋਚਣਾ ਸਹੀ ਜਾਪਦਾ ਹੈ ਕਿਉਂਕਿ ਜੋ ਪ੍ਰਾਇਮਰੀ ਸਿੱਖਿਆ ਦੇ 100 ਸਾਲ ਪੂਰੇ ਹੋ ਜਾਣ ਤੋਂ ਬਾਅਦ ਵੀ ਭਾਰਤ ਦੀ 50% ਵਸੋਂ ਅਨਪੜ੍ਹ ਹੈ।

ਵਿਸ਼ਵ ਬੈਂਕ ਦਾ ਇਕ ਅਧਿਐਨ ਦੱਸਦਾ ਹੈ ਕਿ ਪ੍ਰਾਇਮਰੀ ਸਿੱਖਿਆ ਕੇਵਲ ਉਹਨਾਂ ਦੇਸ਼ਾ ਵਿਚ ਹੀ ਸਫਲ ਹੋਈ ਹੈ ਜਿਥੋਂ ਕਿ 72% ਬਾਲਗ ਪੜ੍ਹੇ ਲਿਖੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਪ੍ਰਾਇਮਰੀ ਸਿੱਖਿਆ ਅਤੇ ਬਾਲਗ ਸਿੱਖਿਆ ਦੇ ਪ੍ਰੋਗਰਾਮ ਇਕੋ ਹੀ ਸੰਸਥਾ ਦੇ ਅਧੀਨ ਕੀਤੇ ਜਾਣ। ਉਹੀ ਅਧਿਆਪਕ ਜੋ ਬੱਚਿਆਂ ਨੂੰ ਪੜ੍ਹਾਉਂਦੇ ਹਨ, ਅਨਪੜ੍ਹ ਮਾਪਿਆਂ ਨੂੰ ਵੀ ਪੜ੍ਹਾਉਣ।

5. ਕਮੇਟੀ ਨੇ ਇਹ ਸਿਫਾਰਿਸ਼ ਵੀ ਕੀਤੀ ਹੈ ਕਿ ''ਅਪਰੇਸ਼ਨ ਬਲੈਕ ਬੋਰਡ'' ਜਿਸ ਦੇ ਅਧੀਨ ਕੁਝ ਕੁ ਪ੍ਰਾਇਮਰੀ ਸਕੂਲਾਂ ਨੂੰ ਲੋੜੀਂਦੀਆਂ ਭਵਨ ਅਤੇ ਸਮੱਗਰੀ ਸਹੂਲਤਾਂ ਮੁਹੱਈਆਂ ਕੀਤੀਆਂ ਗਈਆਂ ਹਨ, ਜਾਰੀ ਰੱਖਿਆ ਜਾਵੇ ਅਤੇ ਜਲਦੀ ਤੋਂ ਜਲਦੀ ਸਾਰੇ ਸਕੂਲਾਂ ਨੂੰ ਇਸ ਪ੍ਰੋਗਰਾਮ ਦੇ ਅਧੀਨ ਲਿਆਂਦਾ ਜਾਵੇ।

## 2.2.6 ਸਵੈ-ਮੁਲਾਂਕਣ ਲਈ ਪ੍ਰਸ਼ਨ

| | ਪ੍ਰਸ਼ਨ | ਉੱਤਰ |
|---|---|---|
| 1. | ਪ੍ਰਾਚੀਨ ਭਾਰਤ ਵਿਚ ਕੋਈ ਕੌਮੀ ਸਿੱਖਿਆ ਨੀਤੀ ਨਹੀਂ ਸੀ ਹੁੰਦੀ। | ਹਾਂ/ਨਹੀਂ |
| 2. | ਮੁਸਲਮਾਨ ਸ਼ਾਸਕਾਂ ਅਤੇ ਲੁਟੇਰੇ ਵੀ ਸਿੱਖਿਆ ਦੀ ਕੋਈ ਰਾਸ਼ਟਰੀ ਨੀਤੀ ਨਹੀਂ ਸੀ ਰਖਦੇ। | ਹਾਂ/ਨਹੀਂ |
| 3. | 1813 ਦੇ ਚਾਰਟਰ ਐਕਟ ਨੇ ਭਾਰਤ ਵਿਚ ਬ੍ਰਿਟਿਸ਼ ਸ਼ਾਸਕਾਂ ਨੂੰ ਭਾਰਤੀ ਸਿੱਖਿਆ ਲਈ ਜ਼ਿੰਮੇਵਾਰ ਬਣਾਇਆ ਸੀ। | ਹਾਂ/ਨਹੀਂ |
| 4. | 1813 ਅਤੇ 1921 ਦੇ ਦੌਰਾਨ ਭਾਰਤ ਦੀ ਸਿੱਖਿਆ ਪ੍ਰਣਾਲੀ ਦਾ ਨਿਯੰਤਰਣ ਕੇਂਦਰੀ ਸਰਕਾਰ ਦੇ ਹੱਕ ਵਿਚ ਸੀ। | ਹਾਂ/ਨਹੀਂ |
| 5. | ਰਾਜੀਵ ਗਾਂਧੀ ਸਰਕਾਰ ਨੇ 1986 ਵਿਚ ਸਿੱਖਿਆ ਦੀ ਰਾਸ਼ਟਰੀ ਨੀਤੀ ਬਣਾਈ ਸੀ। | ਹਾਂ/ਨਹੀਂ |
| 6. | ਕੌਮੀ ਸਿੱਖਿਆ ਨੀਤੀ ਇਸਦੇ ਪ੍ਰੋਗਰਾਮ ਆਫ ਐਕਸ਼ਨ ਦੇ ਨਾਲ ਲੋਕਰਾਜੀ ਅਸੂਲਾਂ ਅਨੁਸਾਰ ਨਹੀਂ ਸੀ ਬਣਾਈ ਗਈ। | ਹਾਂ/ਨਹੀਂ |
| 7. | ਕੌਮੀ ਨੀਤੀ 1986 ਵਿਚ ਈਕਵੀਂ ਸਦੀ ਦੀ ਸਿੱਖਿਆ ਨੂੰ ਸਾਹਮਣੇ ਰੱਖਿਆ ਗਿਆ ਸੀ, ਇਸ ਲਈ ਇਸ ਦੀ ਸਮੀਖਿਆ ਕਰਨ ਦੀ ਲੋੜ ਨਹੀਂ ਸੀ। | ਹਾਂ/ਨਹੀਂ |
| 8. | ਇਸ ਨੀਤੀ ਵਿਚ ਵਿਸਥਾਰ ਨਾਲ ਸਾਰੇ ਸਿੱਖਿਅਕ ਪੜ੍ਹਾਵਾਂ ਬਾਰੇ ਦੱਸਿਆ ਗਿਆ ਹੈ। | ਹਾਂ/ਨਹੀਂ |
| 9. | 1992 ਦੀ ਕੌਮੀ ਸਿੱਖਿਆ ਨੀਤੀ ਆਪਣੇ ਆਪ ਵਿਚ ਇਕ ਸੁਤੰਤਰ ਸਿੱਖਿਆ ਨੀਤੀ ਹੈ ਜਿਸ ਦਾ 1986 ਦੀ ਸਿੱਖਿਆ ਨੀਤੀ ਨਾਲ ਕੋਈ ਸਬੰਧ ਨਹੀਂ ਸੀ। | ਹਾਂ/ਨਹੀਂ |
| 10. | 1992 ਦੀ ਰਾਸ਼ਟਰੀ ਸਿੱਖਿਆ ਨੀਤੀ ਦੇ ਪ੍ਰਾਇਮਰੀ ਸਿੱਖਿਆ ਨੀਤੀ ਨੂੰ ਇਕ ਮੂਲ ਅਧਿਕਾਰ ਬਣਾ ਦਿੱਤਾ ਹੈ। | ਹਾਂ/ਨਹੀਂ |

**ਕੂੰਜੀ :**

1. ਹਾਂ 2. ਹਾਂ 3. ਹਾਂ 4. ਹਾਂ 5. ਹਾਂ 6. ਨਹੀਂ 7. ਨਹੀਂ 8. ਹਾਂ 9. ਨਹੀਂ 10. ਨਹੀਂ

## 2.2.7 ਪ੍ਰਸ਼ਨ ਸੂਚੀ

1. ਸਿੱਖਿਆ ਦੀ ਕੌਮੀ ਨੀਤੀ 1986 ਦੀਆਂ ਮੁੱਖ ਸਿਫਾਰਸ਼ਾਂ ਲਿਖੋ।
2. ਹੇਠ ਲਿਖਿਆਂ ਉੱਤੇ ਸੰਖੇਪ ਨੋਟ ਲਿਖੋ :

(ੳ) ਆਜ਼ਾਦ ਭਾਰਤ ਅਤੇ ਗੁਲਾਮ ਭਾਰਤ ਦੀਆਂ ਕੌਮੀ ਸਿੱਖਿਆ ਨੀਤੀਆਂ ਦੇ ਨਾਮ ਦੱਸੋ।

(ਅ) 1986 ਦੀ ਕੌਮੀ ਸਿੱਖਿਆ ਨੀਤੀ ਦੀ ਬਣਤਰ ਲਈ ਕਿਹੜੀਆਂ ਘਟਨਾਵਾਂ ਜ਼ਿੰਮੇਵਾਰ ਹਨ।

(ੲ) 1986 ਵਾਲੀ ਸਿੱਖਿਆ ਨੀਤੀ ਅਮਲ ਵਿਚ ਕਿਉਂ ਨਾ ਲਿਆਂਦੀ ਗਈ?

(ਸ) 1986 ਦੀ ਸਿੱਖਿਆ ਨੀਤੀ ਦੇ 6 ਖਾਸ ਲੱਛਣ ਲਿਖੋ।

(ਹ) 1986 ਦੀ ਸਿੱਖਿਆ ਨੀਤੀ ਬਾਰੇ ਆਰ. ਕ੍ਰਿਸ਼ਨਾ ਆਇਅਰ ਦੇ ਵਿਚਾਰਾਂ ਦਾ ਸੰਖੇਪ ਪੇਸ਼ ਕਰੋ।

## 2.2.8 ਸੁਝਾਈ ਪੁਸਤਕ ਸੂਚੀ

ਸਿੱਖਿਆ ਮੰਤਰਾਲਾ ਦਿੱਲੀ : *ਸਿੱਖਿਆ ਦੀ ਕੌਮੀ ਨੀਤੀ 1986-1992 ਦੀਆਂ ਸੋਧਾਂ ਸਣੇ।*

ਸਿੱਖਿਆ ਮੰਤਰਾਲਾ ਦਿੱਲੀ : *ਕਾਰਜ ਯੋਜਨਾ, 1992*

ਸ਼ਰਮਾ, ਟੀ. ਆਰ. : *ਭਾਰਤੀ ਸਿੱਖਿਆ (ਪੰਜਾਬੀ) ਪਟਿਆਲਾ, ਸੈਂਚਰੀ ਟਵੰਟੀ ਵਨ ਪਬਲੀਕੇਸ਼ਨਜ਼,* 1998

ਸਿੱਖਿਆ ਮੰਤਰਾਲਾ ਦਿੱਲੀ : *ਸਿੱਖਿਆ ਦੀ ਵੰਗਾਰ-ਇਕ ਨੀਤੀ,* 1985

ਪਾਠ ਨੰ. 2.3 ਲੇਖਿਕਾ : ਡਾ.ਸ਼ਰਮੀਲਾ

**Project Integrated Education for Disabled Children(1987), the Persons with disabilities act(1995)**

**ਪਾਠ ਦੀ ਬਣਤਰ:**

2.3.1 ਉਦੇਸ਼
2.3.2 ਅਪੰਗ ਬੱਚਿਆਂ ਦਾ ਸੰਯੁਕਤ ਸਿੱਖਿਆ ਪ੍ਰੋਜੈਕਟ(1987)
2.3.3 The Persons with Disabilities act(1995)
    2.3.3.1 The Persons with Disabilities Act(1995)-ਸਿੱਖਿਆ(Education)
    2.3.3.2 The Persons with Disabilities Act(1995)-ਰੁਜ਼ਗਾਰ(Employment)
2.3.4 ਸਾਰਾਂਸ਼
2.3.5 The Rights of Person will disaability act 2016
2.3.6 ਸੁਝਾਏ ਗਏ ਪ੍ਰਸ਼ਨ
2.3.7 ਸੁਝਾਇਆ ਗਈਆਂ ਵਿਸ਼ਾਵਸਤੂ

**2.3.1 ਉਦੇਸ਼** (objectives)

**ਇਸ ਪਾਠ ਨੂੰ ਪੜ੍ਹਨ ਉਪਰੰਤ ਸਿੱਖਿਆਰਥੀ ਯੋਗ ਹੋ ਜਾਣਗੇ:**

1) ਅਪੰਗ ਬੱਚਿਆਂ ਦੀ ਸੰਯੁਕਤ ਸਿੱਖਿਆ ਪ੍ਰੋਜੈਕਟ(1987)ਨੂੰ ਦੁਹਰਾਉਣਾ ਆ ਜਾਵੇਗਾ।
2) The Persons with Disabilities Act(1995) ਦੁਹਰਾਉਣਾ ਆ ਜਾਵੇਗਾ।
3) ਅਪੰਗ ਵਿਅਕਤੀਆਂ ਦੇ ਐਕਟ ਬਾਰੇ ਜਾਣਕਾਰੀ ਹਾਸਿਲ ਕਰ ਸਕਣਗੇ।
4) ਅਪੰਗ ਬੱਚਿਆਂ ਦੀ ਸੰਯੁਕਤ ਸਿੱਖਿਆ ਪ੍ਰੋਜੈਕਟ ਦਾ ਵਿਸਥਾਰ ਕਰ ਸਕਣਗੇ।
5) The Persons with disabilities 1995 Act ਦਾ ਵਿਸਥਾਰ ਕਰ ਸਕਣਗੇ।

**2.3.2 Project Integrated Education for Disabled Children(1987)**

ਅਪੰਗ ਬੱਚਿਆਂ ਦੀ ਸਿੱਖਿਆ ਦੀ ਵਚਨਬੱਧਤਾ ਨੂੰ ਪੂਰਾ ਕਰਨ ਦੇ ਲਈ ਸਰਕਾਰ ਵਲੋਂ ਵੱਖ–ਵੱਖ ਪ੍ਰੋਗਰਾਮ ਅਤੇ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ। ਪਹਿਲਾਂ ਪ੍ਰੋਜੈਕਟ Project Integrated Education for Disabled Children1987(PIED) UNICEF ਅਤੇ NCERT ਦੇ ਸਹਿਯੋਗ ਨਾਲ MHRD ਨੇ ਸ਼ੁਰੂ ਕੀਤਾ।

ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਤੋਂ ਬਾਅਦ ਰਣਨੀਤੀ ਵਿੱਚ ਕੁਝ ਤਬਦੀਲੀਆਂ ਕੀਤੀਆਂ ਗਈਆਂ।ਸਕੂਲ ਅਧਾਰਿਤ ਪਹੁੰਚ ਨੂੰ ਸੰਯੁਕਤ ਖੇਤਰ ਪਹੁੰਚ ਵਿੱਚ ਬਦਲਿਆ ਗਿਆ। ਇਸ ਪਹੁੰਚ ਵਿੱਚ, ਵਿਅਕਤਿਤਵ ਸਕੂਲ ਦੀ ਬਜਾਏ ਇੱਕ ਕਲੱਸਟਰ ਉੱਤੇ ਜ਼ੋਰ ਦਿੱਤਾ ਗਿਆ ਹੈ।

ਹੇਠ ਦਿੱਤੇ ਮੁੱਖ ਅੰਗ PIED ਦੇ ਅਧੀਨ ਹਨ:

1) ਆਮ ਤੌਰ ਤੇ ਕਲੱਸਟਰ ਨੂੰ ਆਬਾਦੀ ਦੇ ਇੱਕ ਬਲਾਕ ਵਜੋਂ ਲਿਆ ਗਿਆ ਹੈ।
2) ਖੇਤਰ ਦੇ ਸਾਰੇ ਸਕੂਲਾਂ ਵਿੱਚ ਆਯੋਗਤਾ(Disablities) ਵਾਲੇ ਬੱਚਿਆਂ ਨੂੰ ਦਾਖਲਾ ਦੇਣਾ।
3) ਅਧਿਆਪਕਾਂ ਨੂੰ ਸਿਖਲਾਈ ਪ੍ਰੋਗਰਾਮ ਵੀ ਦਿੱਤੇ ਗਏ।
4) ਇਹ ਪ੍ਰਾਜੈਕਟ ਹਰ ਇੱਕ ਪ੍ਰਬੰਧਕੀ ਬਲਾਕ ਵਿੱਚ ਲਾਗੂ ਕੀਤੀ ਗਿਆ ਸੀ ਜਿਵੇਂ ਕਿ ਮੱਧ ਪ੍ਰਦੇਸ਼, ਮਹਾਰਾਸ਼ਟਰ, ਨਾਗਾਲੈਂਡ, ਉੜੀਸਾ, ਰਾਜਸਥਾਨ, ਤਾਮਿਲਨਾਡੂ, ਹਰਿਆਣਾ, ਮਿਜ਼ੋਰਮ, ਦਿੱਲੀ ਨਗਰ ਨਿਗਮ ਅਤੇ ਬੜੋਦਾ ਨਗਰ ਨਿਗਮ।
5) ਇਸ ਪਹੁੰਚ ਨਾਲ ਵਿਸ਼ੇਸ਼ ਸਕੂਲਾਂ ਵਿੱਚ ਬਹੁਤ ਸਾਰੇ ਤਰੀਕੇ ਨਾਲ ਸੁਧਾਰ ਕੀਤਾ ਗਿਆ ਹੈ ਅਤੇ ਇਹ ਇੱਕ ਬਹੁਤ ਵਧੀਆ ਤਰੀਕਾ ਹੈ ਜਿਸ ਨਾਲ ਅਯੋਗ ਬੱਚਿਆਂ ਦੀ ਸਿੱਖਿਆ ਨੂੰ ਸਰਵ-ਵਿਆਪੀ ਬਣਾਇਆ ਜਾ ਸਕਦਾ ਹੈ।
6) ਮੌਜੂਦਾ ਸਕੂਲਾਂ ਦੀ ਸਾਮਗ੍ਰੀ (Infrastructure) ਦੀ ਵਰਤੋਂ ਕਰਕੇ ਇਸ ਨੂੰ ਹੋਰ ਲਾਗਤ, ਪ੍ਰਭਾਵਸ਼ਾਲੀ ਅਤੇ ਪ੍ਰਬੰਧਕੀ ਬਣਾਇਆ ਜਾ ਸਕਦਾ ਹੈ।
7) PIED ਦੇ ਤਹਿਤ , ਨਾ ਸਿਰਫ ਨਰਮਾਈ ਅਯੋਗ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਆਇਆ ਹੈ ਬਲਕਿ ਬਹੁਤ ਜ਼ਿਆਦਾ ਅਯੋਗ ਬੱਚਿਆਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ।
8) ਆਮ ਤੌਰ ਤੇ PIED ਦਾ ਸਕਾਰਾਤਮਕ ਅਸਰ ਅਧਿਆਪਕਾਂ ਦੇ ਰਵੱਈਏ, ਸਕੂਲ ਦੇ ਮੁਖੀ, ਮਾਪਿਆਂ ਅਤੇ ਸਮੁਦਾਇ ਦੇ ਉੱਪਰ ਪਿਆ ਹੈ। ਆਯੋਗ ਅਤੇ ਗੈਰ ਅਯੋਗ ਬੱਚਿਆਂ ਵਿਚਕਾਰ ਸੰਬੰਧ ਵੀ ਵਧੀਆ ਬਣੇ ਹਨ।

### 2.3.3 The Persons with disabilities Act(1995)


ਇਸ ਐਕਟ ਨੂੰ Person with Disabilities (equal opportunities protection of rights and full participation act, 1995) ਵੀ ਕਿਹਾ ਜਾਂਦਾ ਹੈ।
ਇਸ ਨੂੰ ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ ਭਾਰਤ ਦੇ ਸਾਰੇ ਹਿੱਸਿਆਂ ਵਿੱਚ ਵਿਸਤ੍ਰਿਤ ਕੀਤਾ ਗਿਆ ਹੈ।
ਇਸ ਐਕਟ ਦੇ ਅਨੁਸਾਰ, ਅਪਾਹਜ(Disabilities) ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

**ਅਪੰਗਤਾ ਦਾ ਮਤਲਬ:**

1) ਨੇਤਰਹੀਣਤਾ: 'ਨੇਤਰਹੀਣਤਾ' ਇੱਕ ਉਹ ਹਾਲਾਤ ਹੈ ਜਿਸ ਵਿੱਚ ਇਨਸਾਨ ਹੇਠ ਦਿੱਤੀਆਂ ਹਾਲਾਤਾਂ ਤੋਂ ਤਕਲੀਫ ਮਹਿਸੂਸ ਕਰਦਾ ਹੈ।
    1) ਬਿਲਕੁਲ ਨਜ਼ਰ ਨਾ ਆਉਣਾ।
    2) ਸਹੀ ਅੱਖ ਜਿਸ ਵਿੱਚ ਸਹੀ ਪਰਦਾ ਹੈ ਪਰ ਦੇਖਣ ਦੀ ਸ਼ੁੱਧਤਾ 6160
    3) ਸਨੈਲਨ(Snellen) ਤੋਂ ਵੱਧ ਨਹੀਂ ਹੈ।
    4) 20 ਡਿਗਰੀ ਜਾਂ ਇਸ ਤੋਂ ਘੱਟ ਕੋਨ ਤੇ ਅੰਤਰਿਤ ਦ੍ਰਿਸ਼ਟੀ ਖੇਤਰ ਦੀ ਹੱਦ ਹੈ।
2) ਘੱਟ ਨਜਰ(Low Vision)
3) ਕੋੜ੍ਹ(Leprosy)- ਕੋਈ ਵੀ ਵਿਅਕਤੀ ਜੋ ਕੋੜ੍ਹ ਤੋਂ ਠੀਕ ਹੈ ਪਰ ਹੇਠ ਲਿਖੀਆਂ ਪਰਿਸਥਿਤੀਆਂ ਤੋ ਪੀੜਤ ਹੈ।
1) ਹੱਥਾ ਪੈਰਾਂ ਵਿੱਚ ਸਨਸਨੀ ਦਾ ਖ਼ਤਮ ਹੋਣਾ ਪਰ ਸਥਿਤੀ ਵਿਗੜਨ ਦਾ ਸਪਸ਼ਟੀਕਰਨ ਨਹੀਂ ਹੁੰਦਾ।

2) ਹੱਥ ਪੈਰ ਥੋੜ੍ਹੇ ਬਹੁਤ ਚਲਦੇ ਹਨ ਜਿਸ ਨਾਲ ਆਮ ਆਰਥਿਕ ਗਤੀਵਿਧੀਆਂ ਕੀਤੀਆਂ ਜਾ ਸਕਦੀਆਂ ਹਨ। ਇਸ ਵਿੱਚ ਸਥਿਤੀ ਵਿਗੜਨ ਦਾ ਸਪਸ਼ਟੀਕਰਨ ਹੁੰਦਾ ਹੈ।
3) ਬਹੁਤ ਜ਼ਿਆਦਾ ਸਰੀਰਕ ਸਥਿਤੀ ਵਿਗੜਨਾ ਅਤੇ ਉਮਰ ਦੇ ਵਿੱਚ ਲੱਗਦਾ ਹੈ ਇਹ ਸਥਿਤੀ ਇਨਸਾਨ ਨੂੰ ਰੋਜ਼ਾਨਾ ਕੰਮਾਂ ਤੇ ਵਾਂਜਾ ਰੱਖਦੀ ਹੈ।
4) ਸੁਣਨ ਦੇ ਤੌਰ ਤੇ ਅਪੰਗ(Hearing Impairment) ਮਤਲਬ ਫਰੀਕੁਇੰਸੀ ਦੀ ਸੀਮਾ ਵਿੱਚ 60 ਡੈਸੀਬਲ ਜਾਂ ਇਸ ਤੋਂ ਵੱਧ ਦਾ ਨੁਕਸਾਨ ਹੋਣਾ।
5) ਹਰਕਤ ਅਪੰਗਤਾ(Locomotor impairment) ਦਾ ਮਤਲਬ ਹੈ, ਹੱਡੀਆਂ, ਜੋੜ, ਪੱਠੇ ਵਿੱਚ ਅਪੰਗਤਾ ਆਉਣਾ ਜਿਸ ਕਾਰਨ ਦਿਮਾਗੀ ਲਕਵੇ ਜਾਂ ਅੰਗਾਂ ਦੇ ਚਲਣ ਵਿੱਚ ਤਕਲੀਫ ਆਉਣਾ।
6) ਮਾਨਸਿਕ ਨੁਕਸ(Mental retordation):ਇਨਸਾਨ ਦੀ ਉਹ ਸਥਿਤੀ ਜਿਸ ਵਿੱਚ ਇਨਸਾਨ ਦੇ ਦਿਮਾਗ ਦਾ ਪੂਰਾ ਵਿਕਾਸ ਨਹੀਂ ਹੋਇਆ ਹੁੰਦਾ।
7) ਮਾਨਸਿਕ ਬਿਮਾਰੀ(Mental Illness) –ਮਤਬਲ ਕੋਈ ਵੀ ਮਾਨਸਿਕ ਵਿਕਾਰ ਜਿਸ ਮਾਨਸਿਕ ਨਕ ਨਹੀ ਆਉਂਦਾ।

**ਵੱਖ-ਵੱਖ ਕਿਸਮਾਂ ਦੀਆਂ ਅਪੰਗਤਾ:**




### 2.3.3.1 The Persons with Disabilities Act (1999) Education

ਢੁਕਵੀਂ ਸਰਕਾਰ ਅਤੇ ਸਥਾਨਕ ਪ੍ਰਸ਼ਾਸ਼ਨ:

1) ਇਹ ਲਾਜ਼ਮੀ ਕੀਤਾ ਗਿਆ ਕਿ ਹਰੇਕ ਬੱਚਾ ਜ਼ੋ ਅਪੰਗਤਾ ਦਾ ਸ਼ਿਕਾਰ ਹੈ ਉਸ ਨੂੰ ਉਚਿਤ ਤੇ ਸਹੀ ਵਾਤਾਵਰਣ ਵਿੱਚ 18 ਸਾਲ ਦੀ ਉਮਰ ਤੱਕ ਮੁਫ਼ਤ ਸਿੱਖਿਆ ਮਹੁੱਈਆ ਕਰਵਾਈ ਜਾਏਗੀ।
2) ਬਿਨਾਂ ਕਿਸੇ ਭੇਦਭਾਵ ਦੇ ਖੇਡ ਖੇਤਰ ਵਿੱਚ ਹੋਣ ਵਾਲੀਆਂ ਤੇ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਦਾ ਬਰਾਬਰ ਦਾ ਮੌਕਾ ਦਿੱਤਾ ਜਾਵੇ।
3) ਉਹਨਾਂ ਵਿਦਿਆਰਥੀਆਂ ਨੂੰ ਜਿੰਨ੍ਹਾਂ ਨੂੰ ਵਿਸ਼ੇਸ਼ ਸਿੱਖਿਆ ਦੀ ਜ਼ਰੂਰਤ ਹੈ ਉਹਨਾਂ ਲਈ ਸਰਕਾਰੀ ਤੇ ਪ੍ਰਾਈਵੇਟ ਪੱਧਰ ਤੇ ਵਿਸ਼ੇਸ਼ ਸਹੂਲਤਾਂ ਦੀ ਸਥਾਪਨਾ ਕੀਤਾ ਜਾਵੇ ਤਾਂ ਜੋ ਅਯੋਗਤਾ ਵਾਲੇ ਬੱਚੇ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਰਹਿੰਦੇ ਹਨ ਆਸਾਨੀ ਨਾਲ ਸਕੂਲ ਜਾ ਸਕਣ।
4) ਇਹ ਕੋਸ਼ਿਸ਼ ਕੀਤੀ ਜਾਵੇ ਕਿ ਜਿਥੇ ਅਪੰਗ ਬੱਚੇ ਹਨ ਉਥੇ ਉਹਨਾਂ ਲਈ ਵਿਸ਼ੇਸ਼ ਕਿਸਮ ਦੀ ਵਿਵਸਾਇਕ ਟ੍ਰੇਨਿੰਗ ਮੁਹੱਈਆਂ ਕਰਵਾਈ ਜਾਵੇ।

2) ਢੁੱਕਵੀਂ ਸਰਕਾਰ ਅਤੇ ਸਥਾਨਕ ਸਰਕਾਰਾਂ ਨੂੰ ਇਹਨਾਂ ਖਾਸ ਸਕੀਮਾਂ ਨੂੰ ਤਿਆਰ ਕਰਨ ਦੇ ਲਈ ਸੂਚਿਤ ਕੀਤਾ ਜਾਂਦਾ ਹੈ।

1) ਉਹ ਅਪੰਗ ਵਿਦਿਆਰਥੀ ਜਿੰਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਤਾਂ ਹਾਸਿਲ ਕਰ ਲਈ ਹੈ ਪ੍ਰੰਤੂ ਕਿਸੇ ਕਾਰਣ ਅਗਲੀ ਸਿੱਖਿਆ ਨੂੰ ਲਗਾਤਾਰ ਜਾਰੀ ਨਹੀਂ ਰੱਖ ਸਕਦੇ ਉਹਨਾਂ ਲਈ ਕੁਝ ਥੋੜ੍ਹੇ ਸਮੇਂ(Part time) ਵਾਲੀਆਂ ਜਮਾਤਾਂ ਦਾ ਪ੍ਰਬੰਧ ਕੀਤਾ ਜਾਵੇ।
2) ਹਰੇਕ ਬੱਚੇ ਲਈ ਜਿਸ ਦੀ ਉਮਰ 16 ਸਾਲ ਜਾਂ ਉਸ ਤੋਂ ਵੱਧ ਹੈ ਉਹਨਾਂ ਨੂੰ ਕਾਲਪਨਿਕ ਸਾਖਰਤਾ ਮੁਹੱਈਆਂ ਕਰਵਾਉਣ ਲਈ ਖਾਸ ਜਮਾਤਾਂ (Special Part time classes)ਦਾ ਪ੍ਰਬੰਧ ਕੀਤਾ ਜਾਵੇ।
3) ਪੇਂਡੂ ਖੇਤਰਾਂ ਦੇ ਵਿੱਚ ਮਾਨਵੀ ਸ਼ਕਤੀ ਦੇ ਨਾਲ ਗੈਰ-ਰਸਮੀ (Non-formal)ਸਿੱਖਿਆ ਮੁਹੱਈਆਂ ਕਰਵਾਈਆਂ ਜਾਣ।
4) Open Universities ਜਾਂ ਓਪਨ ਸਕੂਲਾਂ ਦੁਆਰਾ ਸਿੱਖਿਆ ਦੇਣਾ।
5) ਇਲੈਕਟ੍ਰਾਨਿਕ ਜਾਂ ਮੀਡੀਆ ਦੀ ਮੱਦਦ ਨਾਲ ਕਲਾਸ ਅਤੇ ਚਰਚਾ ਦਾ ਅਯੋਜਨ ਕਰਨਾ।
6) ਸਿੱਖਿਆ ਦੀ ਲੋੜ ਅਨੁਸਾਰ ਅਪੰਗ ਬੱਚਿਆਂ ਲਈ ਕੁਝ ਜ਼ਰੂਰੀ ਸੰਦ ਤੇ ਮੁਫ਼ਤ ਕਿਤਾਬਾਂ ਮੁਹੱਈਆਂ ਕਰਵਾਉਣੀਆਂ।

3) ਢੁੱਕਵੀਂ ਸਰਕਾਰ ਨੂੰ ਅਧਿਆਪਕ ਸਿਖਲਾਈ ਕੇਂਦਰ, ਰਾਜ ਪੱਧਰ ਦੀਆਂ ਸੰਸਥਾਵਾਂ ਅਤੇ ਹੋਰ ਵਲੈਨਟਰੀ ਪ੍ਰਬੰਧ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਅਧਿਆਪਕ ਸਿਖਲਾਈ ਪ੍ਰੋਗਰਾਮ ਬਣਾਏ ਜਾਣ ਜਿਹੜੇ ਕਿ ਵਿਸ਼ੇਸ਼ ਰੂਪ ਨਾਲ ਅਪਾਹਿਜ ਵਿਅਕਤੀਆਂ ਨਾਲ ਸੰਬੰਧਿਤ ਹੋਣ। ਇਹ ਕੇਂਦਰ ਇਸ ਲਈ ਸਥਾਪਿਤ ਕੀਤੇ ਜਾਂਦੇ ਹਨ ਤਾਂ ਜ਼ੋ ਅਜਿਹੇ ਖਾਸ ਸਕੂਲਾਂ ਲਈ ਮਾਨਵੀ ਸ਼ਕਤੀ ਦਾ ਪ੍ਰਯੋਗ ਕੀਤਾ ਜਾਵੇ।

4) ਸੰਮਲਿਤ ਸਿੱਖਿਆ ਨੂੰ ਪ੍ਰੋਤਸਾਹਨ ਅਤੇ ਸੁਵਿਧਾਵਾਂ ਦੇਣ ਲਈ ਕੁਝ ਖਾਸ ਕਦਮ:

1) ਅਯੋਗਤਾ ਵਾਲੇ ਬੱਚਿਆਂ ਲਈ ਆਵਾਜਾਈ ਸੁਵਿਧਾ ਮੁਹੱਈਆ ਕਰਵਾਉਣਾ ਜਾਂ ਅਯੋਗਤਾ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਆਰਥਿਕ ਸਹਾਇਤਾ ਮੁਹੱਈਆਂ ਕਰਵਾਉਣੀ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਸਕੂਲ ਭੇਜ਼ ਸਕਣ।
2) ਸਕੂਲਾਂ, ਕਾਲਜਾਂ ਤੇ ਹੋਰ ਵਿੱਦਿਅਕ ਸੰਸਥਾਵਾ ਵਿੱਚ ਆਉਣ ਵਾਲੀਆਂ ਆਰਕੀਟੈਕਚਰ ਰੁਕਾਵਟਾਂ ਨੂੰ ਕਿੱਤੇ ਅਤੇ ਪੇਸ਼ੇਵਰ ਤਰੀਕਿਆਂ ਨਾਲ ਹੱਲ ਕੀਤਾ ਜਾਵੇ।

3) ਸਕੂਲ ਜਾਣ ਵਾਲੇ ਅਪੰਗ ਵਿਦਿਆਰਥੀਆਂ ਨੂੰ ਕਿਤਾਬਾਂ, ਵਰਦੀਆਂ ਤੇ ਹੋਰ ਜ਼ਰੂਰੀ ਸਮਾਨ ਨਾਲ ਸੰਬੰਧਿਤ ਸਹੂਲਤਾਂ ਮੁਹੱਈਆਂ ਕਰਵਾਈਆਂ ਜਾਣ।
4) ਅਪੰਗ ਵਿਦਿਆਰਥੀਆਂ ਨੂੰ ਵਜੀਫ਼ੇ ਦੀਆਂ ਸਹੂਲਤੀਅਤ ਦਿੱਤੀਆਂ ਜਾਣ।
5) ਨੇਤਰਹੀਣ ਅਤੇ ਘੱਟ ਦੇਖਣ ਯੋਗ ਬੱਚਿਆਂ ਲਈ ਪ੍ਰੀਖਿਆਂ-ਪ੍ਰਣਾਲੀ ਵਿੱਚ ਤਬਦੀਲੀਆਂ ਕੀਤੀਆਂ ਜਾਣ।
6) ਅਪੰਗ ਵਿਦਿਆਰਥੀਆਂ ਲਈ ਪਾਠਕ੍ਰਮ ਦਾ ਪੁਨਰਗਠਨ ਕੀਤਾ ਜਾਵੇ।
7) ਘੱਟ ਸੁਣਨ ਵਾਲੇ ਵਿਦਿਆਰਥੀਆਂ ਲਈ ਪਾਠਕ੍ਰਮ ਦਾ ਪੁਨਰਗਠਨ ਕੀਤਾ ਜਾਵੇ ਤੇ ਇੱਕ ਭਾਸ਼ਾ ਨੂੰ ਵੀ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ।

**The Person with Disabilities Act(1995) Employment:**

1) ਕਿਸੇ ਵੀ ਅਪੰਗ ਵਿਅਕਤੀ ਜਾਂ ਵਿਦਿਆਰਥੀ ਨੂੰ ਰੋਜ਼ਗਾਰ ਦੇਣ ਸਮੇਂ ਕਿਸੇ ਵੀ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ।
2) ਕਿਸੇ ਵੀ ਅਪੰਗ ਵਿਅਕਤੀ ਦੀ ਹੋਣ ਵਾਲੀ ਤਰੱਕੀ ਨੂੰ ਕਿਸੇ ਵੀ ਪ੍ਰਸ਼ਾਸਣ ਦੁਆਰਾ ਰੱਦ ਨਹੀਂ ਕੀਤਾ ਜਾਵੇਗਾ।
3) ਢੁੱਕਵੀਂ ਸਰਕਾਰ ਦੇ ਕੰਮ:
   1) ਅਪੰਗ ਵਿਦਿਆਰਥੀਆਂ ਜਾਂ ਵਿਅਕਤੀਆਂ ਦੀਆਂ ਅਸਾਮੀਆਂ ਸੰਬੰਧੀ ਰਾਖਵਾਂਕਰਣ ਕੀਤਾ ਜਾਵੇ।
   2) ਖੋਜੀਆਂ ਹੋਈਆ ਅਸਾਮੀਆਂ ਨੂੰ ਤਿੰਨ ਸਾਲ ਦੇ ਅੰਦਰ-ਅੰਦਰ ਦੇਖਿਆ ਜਾਵੇ ਅਤੇ ਨਵੀਕਰਨ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਲਿਸਟ ਨੂੰ ਅਪਡੇਟ ਕੀਤਾ ਜਾਵੇ।
   3) ਢੁੱਕਵੀਂ ਸਰਕਾਰ ਕਿਸੇ ਵੀ ਤਰ੍ਹਾਂ ਦੀਆਂ ਕੋਈ ਵੀ ਅਸਾਮੀਆਂ 3% ਤੋਂ ਘੱਟ ਨਹੀਂ ਕੱਢ ਸਕਦੀ ਅਤੇ ਹਰੇਕ ਸਮੇਂ ਇਹਨਾਂ ਅਸਾਮੀਆਂ ਵਿੱਚ 1% ਹਿੱਸਾ ਅਪੰਗ ਵਿਅਕਤੀਆਂ ਲਈ ਰਾਖਵਾਂ ਹੋਵੇਗਾ।

ਰਾਖਵਾਂਕਰਣ ਹਰੇਕ ਉਸ ਵਿਅਕਤੀ ਲਈ ਹੋਵੇਗਾ-

1) ਨੇਤਰਹੀਣ ਜਾਂ ਘੱਟ ਨਜਰ ਵਾਲੇ
2) ਸੁਣਨ ਦੇ ਤੌਰ ਤੇ ਅਪੰਗ
3) ਹਰਕਤ ਅਪੰਗ ਜਾਂ ਦਿਮਾਗੀ ਲਕਵਾ
4) ਢੁੱਕਵੀਂ ਸਰਕਾਰ ਅਤੇ ਸਥਾਨਕ ਸਰਕਾਰ ਨੂੰ ਇਹ ਸੂਚਨਾਂ ਦਿੱਤੀ ਜਾਵੇ ਕਿ ਉਹ ਇਸ ਤਰ੍ਹਾਂ ਦੀਆਂ ਸਕੀਮਾਂ ਤਿਆਰ ਕਰਨ ਤਾਂ ਜ਼ੋ ਜਿੰਨ੍ਹਾਂ ਨਾਲ ਅਪੰਗ ਵਿਅਕਤੀਆਂ ਦੇ ਰੋਜ਼ਗਾਰ ਨੂੰ ਯਕੀਨੀ ਬਣਾਇਆ ਜਾਵੇ।

1) ਸਿਖਲਾਈ ਅਤੇ ਅਪੰਗਤਾ ਵਾਲੇ ਵਿਅਕਤੀਆਂ ਦੀ ਭਲਾਈ
2) ਉਮਰ-ਸੀਮਾ ਵਿੱਚ ਛੋਟ
3) ਲਗਾਤਾਰ ਰੋਜ਼ਗਾਰ ਦਾ ਪ੍ਰਬੰਧ ਕਰਨਾ
4) ਇਸ ਤਰ੍ਹਾਂ ਦਾ ਵਾਤਾਵਰਣ ਤਿਆਰ ਕਰਨਾ ਜਿੱਥੇ ਅਪੰਗ ਵਿਅਕਤੀ ਕੰਮ ਕਰ ਸਕਣ ਅਤੇ ਸਿਹਤ ਅਤੇ ਸੁਰੱਖਿਅਤ ਉਪਾਆਵਾਂ ਬਾਰੇ ਉਹਨਾਂ ਨੂੰ ਜਾਣੂ ਕਰਵਾਇਆ ਜਾਵੇ।

5) ਇਸ ਤਰ੍ਹਾਂ ਦੀਆਂ ਅਥਾਰਟੀਆਂ (Authorty)ਦਾ ਗਠਨ ਕੀਤਾ ਜਾਵੇ ਜਿਹੜੀਆਂ ਸਕੀਮ ਦੇ ਪ੍ਰਬੰਧਾਂ ਦੇ ਲਈ ਜ਼ਿੰਮੇਵਾਰ ਹੁੰਦੀ ਹੈ।

### 2.3.4 ਸਾਰਾਂਸ਼

**Project Integrated Education for the disabled(PIED,1987):** UNICEF ਅਤੇ NCERT ਦੇ ਸਹਿਯੋਗ ਨਾਲ MHRD (Ministry of Human Resource Development)ਨੇ Project Integrated Education for the disabled(PIED) ਸ਼ੁਰੂ ਕੀਤਾ। ਇਸ ਪ੍ਰੋਜੈਕਟ ਦਾ ਉਦੇਸ਼ Integrated Education for the disabled Children(IEDL) ਸਕੀਮ ਨੂੰ ਮਜ਼ਬੂਤ ਕਰਨਾ ਹੈ। PWD act,1995 ਨੇ ਪ੍ਰਬੰਧ ਦਾ ਪ੍ਰਸਤਾਵ ਰਖਿਆ ਜਿਸ ਵਿੱਚ ਸਿੱਖਿਅਕ ਸੇਵਾਵਾਂ, ਡਾਕਟਰੀ ਸਹੂਲਤਾਂ ਅਤੇ ਅਪੰਗ ਵਿਅਕਤੀਆਂ ਲਈ ਸਮਾਜਿਕ ਸੁਰੱਖਿਆ ਸ਼ਾਮਿਲ ਹਨ। ਐਕਟ ਨੇ ਕਿਹਾ ਕਿ ਜਾਣ ਵੀ ਸੰਭਵ ਹੋਵੇ ਅਪੰਗ ਵਿਦਿਆਰਥੀਆਂ ਨੂੰ ਰੋਜ਼ਾਨਾ ਸਕੂਲ ਵਿਵਸਥਾ ਵਿੱਚ ਸਿੱਖਿਆ ਪ੍ਰਦਾਨ ਕੀਤੀ ਜਾਵੇ।

**2.3.5** **ਅਪਾਹਜ ਵਿਅਕਤੀਆਂ ਦੇ ਅਧਿਕਾਰਾ ਦੀ ਐਕਟ**, 2016 (**ਆਰਪੀਡਬਲਯੂਡੀ**-RPwD): **ਅਪੰਗਤਾ ਦੀਆਂ ਕਿਸਮਾਂ ਜੋ** 1995 **ਦੇ ਐਕਟ ਵਿਚ ਸੱਤ ਸਨ ,ਇਸ ਐਕਟ ਵਿਚ ਇਕੀ ਹੋ ਗਈਆਂ ਹਨ ।**

ਇੱਕੀ ਤਰਾਂ ਦੀਆਂ ਅਪੰਗਤਾ ਦੀ ਸੂਚੀ ਹੇਠਾਂ ਦਿੱਤੀ ਹੈ:

1. Blindness
2. Low-vision
3. Leprosy Cured persons
4. Hearing Impairment (deaf and hard of hearing)
5. Locomotor Disability
6. Dwarfism
7. Intellectual Disability
8. Speech and Language disability
9. Hemophilia
10. Multiple Disabilities including deaf-blindness
11. Parkinson's disease
12. Mental Illness
13. Acid Attack victim
14. Sickle Cell disease
15. Thalassemia
16. Specific Learning Disabilities
17. Chronic Neurological conditions
18. Muscular Dystrophy
19. Cerebral Palsy
20. Autism Spectrum Disorder
21. Multiple Sclerosis

ਇਸ ਐਕਟ ਵਿੱਚ mental retardation (ਮਾਨਸਿਕ ਤੌਰ ਤੇ ਅਪਾਹਜ) ਦੀ ਥਾਂ intellectual disability (ਬੌਧਿਕ ਅਪੰਗਤਾ) ਸ਼ਾਮਲ ਕੀਤਾ ਗਿਆ ਹੈ । ਜਿਸਦੀ ਪਰਿਭਾਸ਼ਾ ਇਸ ਅਨੂਸਾਰ ਹੈ "ਇੱਕ ਅਜਿਹੀ ਸਥਿਤੀ ਹੈ ਜੋ ਬੌਧਿਕ ਕਾਰਜਾਂ

(ਤਰਕ, ਸਿੱਖਣ, ਸਮੱਸਿਆ ਨੂੰ ਹੱਲ ਕਰਨਾ ਅਤੇ ਅਨੁਕੂਲ ਵਿਵਹਾਰ) ਵਿੱਚ ਰੁਕਾਵਟ ਪੈਦਾ ਕਰਦੀ ਹੈ। ਜੋ ਕਿ ਹਰ ਰੋਜ਼ ਦੇ ਸਮਾਜਿਕ ਅਤੇ ਵਿਵਹਾਰਕ ਕੰਮਾਂ ਨੂੰ ਨਾਲ ਲੈ ਕੇ ਚਲਦੀ ਹੈ ਜਿਵੇਂ ਕਿ ਖਾਸ ਸਿੱਖਣ ਦੀਆਂ ਅਯੋਗਤਾਵਾਂ ਅਤੇ ਔਟਿਜ਼ਮ ਸਪੈਕਟ੍ਰਮ। ਇਹ ਐਕਟ ਮਾਨਸਿਕ ਬਿਮਾਰੀ ਦੀ ਵਿਸਥਾਰ ਰੂਪ ਚ ਪਰਿਭਾਸ਼ਾ ਪ੍ਰਦਾਨ ਕਰਦਾ ਹੈ ਜੋ "ਸੋਚ, ਮਨੋਦਸ਼ਾ, ਧਾਰਨਾ, ਰੁਝਾਨ, ਜਾਂ ਯਾਦਦਾਸ਼ਤ ਦਾ ਵਿਕਾਰ ਹੈ ਜੋ ਜੀਵਨ ਦੀਆਂ ਸਾਧਾਰਣ ਮੰਗਾਂ ਨੂੰ ਪੂਰਾ ਕਰਨ ਚ ਅਯੋਗ ਹੈ। ਪਰ ਇਸ ਦਾ ਮਤਲਬ mental retardation (ਮਾਨਸਿਕ ਤੌਰ ਤੇ ਅਪਾਹਜ) ਦਾ ਹੋਣਾ ਨਹੀ ਹੈ। ਜਿਸ ਵਿਚ ਕਿਸੇ ਵਿਅਕਤੀ ਦੇ ਦਿਮਾਗ ਦਾ ਅਧੂਰਾ ਵਿਕਾਸ ਹੁੰਦਾ ਹੈ ਜਿਸਦਾ ਮਤਲਬ ਹੈ ਬੁੱਧੀ ਦੀ ਅਲੋਕਿਕਤਾ।

ਅੰਤਰ ਅਤੇ ਸਮਾਨਤਾਵਾਂ:

| ਲੜੀ ਨੰ | ਅਪੰਗ ਵਿਅਕਤੀਆਂ ਦਾ ਐਕਟ, 1995 | ਅਪਾਹਜ ਵਿਅਕਤੀਆਂ ਦਾ ਅਧਿਕਾਰ) **RPWD)** ਐਕਟ, 2016 |
|---|---|---|
| 1. | ਇਹ ਐਕਟ ਸਮਾਨ ਅਵਸਰ, ਅਧਿਕਾਰਾਂ ਦੀ ਰਾਖੀ ਅਤੇ ਪੂਰੀ ਭਾਗੀਦਾਰੀ ਐਕਟ, 1995 ਅਨੁਸਾਰ ਹੈ। | ਇਹ ਐਕਟ ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਬਾਰੇ 13ਦਸੰਬਰ, 2006ਹੋਏ ਸੰਮੇਲਨ ਅਨੁਸਾਰ ਹੈ। |
| 2. | ਇਹ ਐਕਟ ਕਾਨੂੰਨ, ਨਿਆਂ ਅਤੇ ਕੰਪਨੀ ਮਾਮਲਿਆਂ ਦੇ ਮੰਤਰਾਲਾ ਹੇਠਾਂ ਆਉਂਦਾ ਹੈ। | ਇਹ ਐਕਟ ਕਾਨੂੰਨ ਅਤੇ ਨਿਆਂ ਮੰਤਰਾਲਾ ਹੇਠਾਂ ਆਉਂਦਾ ਹੈ। |
| 3. | ਸੰਸਦ ਦੇ ਇਸ ਐਕਟ ਨੂੰ 1 ਜਨਵਰੀ, 1996ਨੂੰ ਰਾਸ਼ਟਰਪਤੀ ਦੀ ਸਹਿਮਤੀ ਮਿਲੀ ਸੀ। | ਸੰਸਦ ਦੇ ਇਸ ਐਕਟ ਨੂੰ 27 ਦਸੰਬਰ, 2016ਨੂੰ ਰਾਸ਼ਟਰਪਤੀ ਦੀ ਸਹਿਮਤੀ ਮਿਲੀ ਸੀ। |
| 4. | ਪੀਡਬਲਯੂਡੀ ਐਕਟ, 1995ਵਿਚ ਚੌਦਾਂ ਅਧਿਆਇ ਹਨ:<br>1 ਅਧਿਆਇ - ਪਹਿਲਾ<br>2 ਅਧਿਆਇ - ਕੇਂਦਰੀ ਤਾਲਮੇਲ ਕਮੇਟੀ<br>3 ਅਧਿਆਇ -ਰਾਜ ਤਾਲਮੇਲ ਕਮੇਟੀ<br>4 ਅਧਿਆਇ -ਅਪੰਗਤਾ ਦੀ ਰੋਕਥਾਮ ਅਤੇ ਸ਼ੁਰੂਆਤੀ ਜਾਂਚ<br>5 ਅਧਿਆਇ -ਸਿੱਖਿਆ<br>6 ਅਧਿਆਇ -ਰੁਜ਼ਗਾਰ | ਆਰਪੀਡਬਲਯੂਡੀ ਐਕਟ, 2016ਵਿਚ ਸਤਾਰਾਂ ਅਧਿਆਇ ਹਨ:<br>1 ਅਧਿਆਇ - ਪਹਿਲਾ<br>2 ਅਧਿਆਇ - ਅਧਿਕਾਰ ਅਤੇ ਇੰਨਟਾਈਟਲਮੈਂਟ<br>3 ਅਧਿਆਇ - ਸਿੱਖਿਆ<br>4 ਅਧਿਆਇ - ਹੁਨਰ ਵਿਕਾਸ ਅਤੇ ਰੁਜ਼ਗਾਰ<br>5 ਅਧਿਆਇ - ਸਮਾਜਿਕ ਸੁਰੱਖਿਆ, ਸਿਹਤ, ਮੁੜ ਵਸੇਬਾ ਅਤੇ ਮਨੋਰੰਜਨ<br>6 ਅਧਿਆਇ - ਬੈਂਚਮਾਰਕ ਡਿਸਬੀਅਲਾਈਟਸ ਵਾਲੇ |

| | | |
|---|---|---|
| | 7 ਅਧਿਆਇ -ਸਕਾਰਾਤਮਕ ਕਿਰਿਆ<br>8 ਅਧਿਆਇ -ਗੈਰ - ਪੱਖਪਾਤ<br>9 ਅਧਿਆਇ - ਖੋਜ ਅਤੇ ਮਨੁੱਖੀ ਸ਼ਕਤੀ ਵਿਕਾਸ<br>10 ਅਧਿਆਇ -ਅਪੰਗ ਵਿਅਕਤੀਆਂ ਲਈ ਸੰਸਥਾਵਾਂ ਦੀ ਮਾਨਤਾ<br>11 ਅਧਿਆਇ -ਗੰਭੀਰ ਤੌਰ ਉਤੇ ਅਪਾਹਜ ਵਿਅਕਤੀਆਂ ਲਈ ਸੰਸਥਾ<br>12 ਅਧਿਆਇ - ਅਪਾਹਜ ਵਿਅਕਤੀਆਂ ਲਈ ਚੀਫ਼ ਕਮਿਸ਼ਨਰ ਅਤੇ ਕਮਿਸ਼ਨਰ<br>13 ਅਧਿਆਇ - ਸਮਾਜਿਕ ਸੁਰੱਖਿਆ<br>14 ਅਧਿਆਇ - ਫੁਟਕਲ | ਵਿਅਕਤੀਆਂ ਲਈ ਵਿਸ਼ੇਸ਼ ਪ੍ਰਬੰਧ<br>7 ਅਧਿਆਇ - ਉੱਚ ਸਹਾਇਤਾ ਦੀ ਜ਼ਰੂਰਤ ਵਾਲੇ ਅਪਾਹਜ ਵਿਅਕਤੀਆਂ ਲਈ ਵਿਸ਼ੇਸ਼ ਪ੍ਰਬੰਧ<br>8 ਅਧਿਆਇ - ਸਰਕਾਰਾਂ ਦੀਆਂ ਡਿਊਟੀਆਂ ਅਤੇ ਜ਼ਿੰਮੇਵਾਰੀਆਂ<br>9 ਅਧਿਆਇ – ਅਪੰਗ ਵਿਅਕਤੀਆਂ ਲਈ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਅਤੇ ਅਜਿਹੀਆਂ ਸੰਸਥਾਵਾਂ ਨੂੰ ਗ੍ਰਾਂਟ<br>10 ਅਧਿਆਇ - ਨਿਰਧਾਰਤ ਅਸਮਰਥਤਾਵਾਂ ਦਾ ਪ੍ਰਮਾਣੀਕਰਣ<br>11 ਅਧਿਆਇ - ਅਸਮਰੱਥਾ ਅਤੇ ਜ਼ਿਲ੍ਹਾ ਪੱਧਰੀ ਕਮੇਟੀ ਬਾਰੇ ਕੇਂਦਰੀ ਅਤੇ ਰਾਜ ਸਲਾਹਕਾਰ ਬੋਰਡ<br>12 ਅਧਿਆਇ - ਅਪਾਹਜ ਵਿਅਕਤੀਆਂ ਲਈ ਚੀਫ਼ ਕਮਿਸ਼ਨਰ ਅਤੇ ਸਟੇਟ ਕਮਿਸ਼ਨਰ<br>13 ਅਧਿਆਇ - ਵਿਸ਼ੇਸ਼ ਅਦਾਲਤ<br>14 ਅਧਿਆਇ - ਅਪੰਗ ਵਿਅਕਤੀਆਂ ਲਈ ਰਾਸ਼ਟਰੀ ਫੰਡ<br>15 ਅਧਿਆਇ - ਅਪੰਗ ਵਿਅਕਤੀਆਂ ਲਈ ਰਾਜ ਫੰਡ<br>16 ਅਧਿਆਇ - ਅਪਰਾਧ ਅਤੇ ਜ਼ੁਰਮਾਨੇ<br>17 ਅਧਿਆਇ - ਫੁਟਕਲ |
| 5 | ਅਪਾਹਜ ਵਿਅਕਤੀਆਂ ਪ੍ਰਤੀ ਕਿਸੇ ਕਿਸਮ ਦੀ ਬੇਇਨਸਾਫੀ ਲਈ ਸਜ਼ਾ ਅਤੇ ਜ਼ੁਰਮਾਨੇ ਦਾ ਪ੍ਰਬੰਧ ਨਹੀਂ ਸੀ । | ਬੈਂਚਮਾਰਕ ਅਸਮਰਥਤਾਵਾਂ ਵਾਲੇ ਵਿਅਕਤੀਆਂ ਦੇ ਲਾਭ ਨੂੰ ਧੋਖਾਧੜੀ ਨਾਲ ਲੈਣ ਦੀ ਸਜ਼ਾ ਹੈ । |
| ਸਿੱਖਿਆ ਦੇ ਸੰਬੰਧ ਵਿਚ ਦੋਵਾਂ ਕਾਰਜਾਂ ਵਿਚ ਕੁਝ ਅੰਤਰ ਅਤੇ ਸਮਾਨਤਾਵਾਂ ਹਨ | | |
| 6 | **18** ਸਾਲ ਦੀ ਉਮਰ ਤਕ ਮੁਫਤ ਸਿੱਖਿਆ । | ਮਾਨਤਾ ਪ੍ਰਾਪਤ ਅਤੇ ਫੰਡ ਪ੍ਰਾਪਤ ਸੰਸਥਾ ਨੂੰ ਅਪੰਗਾਂ ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ । |
| 7 | ਆਮ ਸਕੂਲ ਵਿਚ ਅਪਾਹਜ ਵਿਦਿਆਰਥੀਆਂ ਦੀ | ਸਾਰੇ ਸਹਿ ਪਾਠਕ੍ਰਮ ਗਤੀਵਿਧੀਆਂ ਵਿੱਚ ਦਾਖਲਾ ਅਤੇ |

| | | |
|---|---|---|
| | ਏਕੀਕਰਣ । | ਭਾਗੀਦਾਰੀ ਦੇ ਬਰਾਬਰ ਅਵਸਰਾਂ ਦਾ ਪ੍ਰਬੰਧ ਕਰਨਾ । |
| 8 | ਸਰਕਾਰੀ ਸਕੂਲ, ਵਿਸ਼ੇਸ਼ ਅਤੇ ਪ੍ਰਾਈਵੇਟ ਸਕੂਲ । | ਅਸਾਨੀ ਨਾਲ ਪਹੁੰਚਯੋਗ ਬੁਨਿਆਦੀ ਸਮਾਨ ਅਤੇ ਰਿਹਾਇਸ਼ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ । |
| 9 | ਵਿਸ਼ੇਸ਼ ਸਕੂਲਾ ਵਿਚ ਸਿਖਲਾਈ ਸਹੂਲਤਾਂ ਪ੍ਰਦਾਨ । | ਸਿੱਖਣ ਚ ਅਸਮਰੱਥਾ ਦੀ ਸ਼ੁਰੂਆਤੀ ਪਛਾਣ ਕਰਨਾ ਤਾਂ ਜੋ ਉਨ੍ਹਾਂ ਨੂੰ ਦੂਰ ਕਰਨ ਲਈ ਜ਼ਰੂਰੀ ਉਪਾਅ ਕੀਤੇ ਜਾ ਸਕਣ । |
| 10 | ਵਾਲੇ ਉਨ੍ਹਾਂ ਵਿਦਿਆਰਥੀਆਂ ਲਈ ਪਾਰਟ ਟਾਈਮ ਕਲਾਸਾਂ ਦਾ ਆਯੋਜਨ ਕਰੋ ਜੋ ਪੰਜਵੀਂ ਜਮਾਤ ਤੋਂ ਬਾਅਦ ਪੜ੍ਹਾਈ ਬੰਦ ਕਰ ਦਿੰਦੇ ਹਨ । | ਹਰੇਕ ਅਯੋਗ ਵਿਦਿਆਰਥੀਆਂ ਦੀ ਸਿਖਿਆ ਅਤੇ ਭਾਗੀਦਾਰੀ ਨੂੰ ਪੂਰਾ ਕਰਨ ਦੀ ਨਿਗਰਾਨੀ ਕਰਨਾ । |
| 11 | **16** ਸਾਲ ਜਾਂ ਇਸਤੋਂ ਵੱਧ ਉਮਰ ਦੇ ਬੱਚਿਆਂ ਲਈ ਕਾਰਜਸ਼ੀਲ ਸਾਖਰਤਾ ਪ੍ਰਦਾਨ ਕਰਨ ਲਈ ਪਾਰਟ ਟਾਈਮ ਕਲਾਸਾਂ ਦਾ ਆਯੋਜਨ ਕਰੋ । | ਅਪਾਹਜਾਂ ਅਤੇ ਸੇਵਾਦਾਰਾਂ ਨੂੰ ਆਵਾਜਾਈ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਾਉਣਾ । |
| 12 | ਉਪਲਬਧ ਮਨੁੱਖੀ ਸ਼ਕਤੀ ਦੀ ਸਹਾਇਤਾ ਨਾਲ ਗੈਰ ਰਸਮੀ ਸਿੱਖਿਆ ਪ੍ਰਦਾਨ ਕਰਨਾ । | ਸੰਮਲਿਤ ਸਿੱਖਿਆ ਨੂੰ ਵਧਾਉਣ ਦੇ ਉਪਾਅ । |
| 13 | ਔਪਨ ਸਕੂਲ ਅਤੇ ਯੂਨੀਵਰਸਟੀਆਂ ਦੁਆਰਾ ਸਿੱਖਿਆ ਪ੍ਰਦਾਨ ਕਰਨਾ । | ਇਸ ਐਕਟ ਦੇ ਸ਼ੁਰੂ ਹੋਣ ਦੀ ਮਿਤੀ ਤੋਂ ਦੋ ਸਾਲਾਂ ਦੇ ਅੰਦਰ-ਅੰਦਰ ਅਪਾਹਜ ਬੱਚਿਆਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਦੀਆਂ ਵਿਸ਼ੇਸ਼ ਜ਼ਰੂਰਤਾਂ ਦਾ ਪਤਾ ਲਗਾਉਣਾ । |
| 14 | ਇਲੈਕਟ੍ਰਾਨਿਕ ਮੀਡੀਆ ਦੁਆਰਾ ਕਲਾਸਾਂ ਦਾ ਆਯੋਜਨ | ਉਹਨਾਂ ਅਧਿਆਪਕਾਂ ਨੂੰ ਰੁਜ਼ਗਾਰ ਦੇਣਾ ਜੋ ਇਸ਼ਾਰੇ ਵਾਲੀ ਭਾਸ਼ਾ ਅਤੇ ਬ੍ਰੇਲ ਵਿੱਚ ਚੰਗੀ ਤਰ੍ਹਾਂ ਸਿਖਿਅਤ ਹਨ ਅਤੇ ਬੌਧਿਕ ਅਯੋਗਤਾ ਵਾਲੇ ਬੱਚਿਆਂ ਨੂੰ ਸੰਭਾਲਣ ਦੇ ਯੋਗ ਵੀ ਹਨ । |
| 15 | ਵਿਸ਼ੇਸ਼ ਕਿਤਾਬਾਂ, ਵਰਦੀ ਅਤੇ ਸਾਜ਼ੋ-ਸਮਾਨ ਮੁਫਤ ਮੁਹੱਈਆ ਕਰਵਾਉਣਾ । | ਪੇਸ਼ੇਵਰ ਸਿਖਿਅਤ ਸਟਾਫ ਦੁਆਰਾ ਸ਼ਮੂਲੀਅਤ ਸਿੱਖਿਆ ਚ ਸਹਾਇਤਾ ਲੈਣਾ । |
| 16 | ਵਿਸ਼ੇਸ਼ ਅਧਿਆਪਨ ਏਡਜ਼ ਜਾਂ ਸਮਗਰੀ ਨੂੰ ਡਿਜ਼ਾਈਨ ਕਰਨ ਅਤੇ ਵਿਕਸਿਤ ਕਰਨ ਨਾਲ ਸਬੰਧਤ ਖੋਜ ਕਾਰਜ ਦੀ ਸ਼ੁਰੂਆਤ | ਵੱਡੀ ਗਿਣਤੀ ਵਿਚ ਸਰੋਤ ਕੇਂਦਰ ਸਥਾਪਤ ਕਰਨਾ । |
| 17 | ਵਿਸ਼ੇਸ਼ ਅਧਿਆਪਕ ਸਿਖਲਾਈ ਸੰਸਥਾ ਸਥਾਪਤ | ਬੋਲਣ ਜਾਂ ਭਾਸ਼ਾ ਅਯੋਗ ਹੋਣ ਵਾਲੇ ਵਿਅਕਤੀਆਂ ਲਈ |

| | | |
|---|---|---|
| | ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਵਿਸ਼ੇਸ਼ ਅਤੇ ਏਕੀਕ੍ਰਿਤ ਸਕੂਲਾਂ ਲਈ ਸਿਖਿਅਤ ਮਨੁੱਖੀ ਸ਼ਕਤੀ ਉਪਲਬਧ ਹੋਵੇ । | ਸੰਚਾਰ ਦੇ ਢੰਗਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਤਾਂ ਜੋ ਉਹ ਸਮਾਜ ਵਿਚ ਹਿੱਸਾ ਲੈ ਸਕਣ । |
| 18 | ਆਵਾਜਾਈ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ । | ਅਠਾਰਾਂ ਸਾਲ ਦੀ ਉਮਰ ਤੱਕ ਅਪਾਹਜ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਅਤੇ ਹੋਰ ਸਿੱਖਣ ਸਮੱਗਰੀ ਦੀ ਵਿਵਸਥਾ ਕਰਵਾਉਣਾ । |
| 19 | ਪੇਸ਼ੇਵਰ ਸਕੂਲ ਅਤੇ ਸਿਖਲਾਈ ਸੰਸਥਾ ਬੁਨਿਆਦੀ ਰੁਕਾਵਟਾਂ ਰਹਿਤ ਹੋਣੀ ਚਾਹੀਦੀ ਹੈ । | ਬੈਂਚ ਮਾਰਕ ਅਪਾਹਜਾਂ ਵਾਲੇ ਕੇਸਾਂ ਨੂੰ ਵਜ਼ੀਫਾ ਦੇਣਾ । |
| 20 | ਸਕਾਲਰਸ਼ਿਪ ਦੀ ਗ੍ਰਾਂਟ | ਪਾਠਕ੍ਰਮ ਅਤੇ ਪ੍ਰੀਖਿਆ ਪ੍ਰਣਾਲੀ ਵਿਚ ਸੋਧ ਕਰਨੀ ਚਾਹੀਦੀ ਹੈ । |
| 21 | ਅਜਿਹੇ ਬੱਚਿਆਂ ਦੀ ਸਥਾਪਨਾ ਲਈ ਮਾਪਿਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਪ੍ਰਬੰਧ ਕਰਨਾ । | ਅਪਾਹਜ ਵਿਦਿਆਰਥੀਆਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ, ਪ੍ਰੀਖਿਆ ਪੇਪਰ ਨੂੰ ਪੂਰਾ ਕਰਨ ਲਈ ਵਾਧੂ ਸਮੇਂ ਦੀ ਵਿਵਸਥਾ, ਲੇਖਕ ਦੀਆਂ ਸਹੂਲਤਾਂ ਅਤੇ ਦੂਜੀ ਜਾਂ ਤੀਜੀ ਭਾਸ਼ਾ ਤੋਂ ਛੋਟ ਹੋਣੀ ਚਾਹੀਦੀ ਹੈ । |
| 22 | ਬਲਾਇੰਡ ਅਤੇ ਘੱਟ ਨਜ਼ਰ ਵਾਲੇ ਵਿਦਿਆਰਥੀਆਂ ਦੇ ਲਾਭ ਲਈ ਗਣਿਤ ਦੇ ਪ੍ਰਸ਼ਨ ਖਤਮ ਕੀਤੇ ਜਾਣੇ ਚਾਹੀਦੇ ਹਨ । | ਉਨ੍ਹਾਂ ਦੇ ਸੁਧਾਰ ਲਈ ਖੋਜ ਅਧਾਰਤ ਸਿਖਲਾਈ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ । |

**2.3.6 ਸੁਝਾਏ ਗਏ ਪ੍ਰਸ਼ਨ:** (Suggested Questions)

Q-1.ਸੰਯੁਕਤ ਸਿੱਖਿਆ ਐਕਟ(ਅਪੰਗ ਬੱਚਿਆਂ ਲਈ)ਕਦੋਂ ਸ਼ੁਰੂ ਕੀਤਾ ਗਿਆ?

Q-2.The persons with disabilities Act(1995) ਤੋਂ ਤੁਸੀਂ ਕੀ ਸਮਝਦੇ ਹੋ?

Q-3.ਅਪਾਹਿਜ ਬੱਚਿਆਂ ਲਈ ਸੰਯੁਕਤ ਸਿੱਖਿਆ ਪ੍ਰੋਜੈਕਟ ਬਾਰੇ ਵਿਸਥਾਰ ਚ ਲਿਖੋ

Q-4.The persons with disabilities Act(1995) ਦਾ ਵਿਸਥਾਰ ਕਰੋ

**2.3.7 ਸੁਝਾਏ ਗਏ ਸਾਮਗ੍ਰੀ:**

Potholes A.L. & Lingo,A.S.(2005) filling the potholes in the road to inclusion; successfully research asked strategies for intermediate and middle school students with mild disabilities. Teaching exceptional uldren plus,1(4)
Bulk ,B.M.,& king, k,(2001)classwide pear tutoring at work, Teaching exceptional children 34,49-53
Gajria M. Jitendra ,A.K.,Sood S., & Sacks.G(2007) improving comprehension of expository text in students with LD A research synthesis, journal of learning disabilities ,40(3),210-225
Garmston, R., & Wellman, B.(2002) The adaptive school Developing and facilitating collaborative groups (4th ED) Dovado will,CA four hats seminar.
Kakkar , Nidhi,creating an inclusive school, vijaya publication,Ludhiana.
Mastropieri M.A. & Scruggls, T.E.(2007) The inclusive classroom; Strategies for effective instruction (3rd ed. PP.178-185) Upper Saddle Rives No.Merrell/Prentive
Fate,M.L.(2003),Worksheets don't grow dendrites': 20 instructional strategies that engage the brain thousands Oak's,CA:Corwin Pren
Virk,k,jaswant & santosh,creating and inclusion school, Twenty first century publication.